# ਦੇਸ਼ ਦੁਆਬਾ

VOL - 3 ISSUE - 18
December 04, 2014
Postal Address
5101 Doe Hollow Pl, Antelope, CA-95843
www.deshdoaba.com
www.ambedkartimes.com




ਡਾ. ਅੰਬੇਦਕਰ ਜੀ ਦੇ 58ਵੇਂ ਪ੍ਰੀਨਿਰਵਾਣ ਦਿਵਸ ਤੇ ਉਹਨਾਂ ਦੀਆਂ ਮਨੁੱਖਤਾ ਭਲੇ ਹਿਤ ਕੀਤੀਆਂ ਕੁਰਬਾਨੀਆਂ ਨੂੰ ਮੁੱਖ ਰੱਖਦਿਆਂ "ਦੇਸ਼ ਦੁਆਬਾ" ਤਹਿ ਦਿਲੋਂ ਸ਼ਰਧਾਂਜਲੀ ਭੇਂਟ ਕਰਦਾ ਹੈ।


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਹੋਏ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੇ ਰੂ-ਬ-ਰੂ (ਖਬਰ ਸਫਾ 8 ਤੇ ਦੇਖੋ)



ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਸੈਕਰਾਮੈਂਟੋ ਵੱਲੋਂ "ਕਾਮਾਗਾਟਾਮਾਰੂ ਸ਼ਤਾਬਦੀ" ਮੇਲੇ ਦੀਆਂ ਤਿਆਰੀਆਂ ਮੁਕੰਮਲ। (ਖਬਰ ਸਫਾ 3 ਤੇ ਦੇਖੋ)



ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਨਿਊਯਾਰਕ ਦੀਆਂ ਚੋਣਾਂ ਸ਼ਾਂਤੀ ਪੂਰਨ ਸੰਪੰਨ। ਨਿਰਮਲ ਸਿੰਘ ਮੁੜ ਚੁਣੇ ਗਏ ਪ੍ਰਧਾਨ (ਖਬਰ ਸਫਾ 3 ਤੇ ਦੇਖੋ)

# ਭਾਰਤ ਨਾਲ ਪਾਕਿਸਤਾਨ ਦੀਆਂ ਸਰਹੱਦਾਂ ਦੁਬਾਰਾ ਨਹੀ ਮਿਥੀਆਂ ਜਾ ਸਕਦੀਆਂ

ਸ੍ਰੀਨਗਰ- ਵਿੱਤ ਮੰਤਰੀ ਅਰੁਨ ਜੇਤਲੀ ਨੇ ਕਿਹਾ ਹੈ ਕਿ ਪਾਕਿਸਤਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਨਾਲ ਸਰਹੱਦਾਂ ਦੁਬਾਰਾ ਨਹੀਂ ਮਿਥੀਆਂ ਜਾ ਸਕਦੀਆਂ ਕਿਉਂਕਿ ਜੰਮੂ ਤੇ ਕਸ਼ਮੀਰ ਦੇਸ਼ ਦਾ ਅਟੁੱਟ ਹਿੱਸਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਭਾਜਪਾ ਸਰਕਾਰ ਵਾਜਪਾਈ ਵੱਲੋਂ ਜੰਮੂ-ਕਸ਼ਮੀਰ ਲਈ ਅਪਣਾਏ 'ਇਨਸਾਨੀਅਤ' ਦੇ ਮਾਰਗ ਉਪਰ ਚੱਲੇਗੀ। ਉਨ੍ਹਾਂ ਨੇ 1999 ਵਿੱਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਲਾਹੌਰ ਨੂੰ ਬੱਸ ਲੈ ਕੇ ਜਾਣ ਦੀ ਇਤਿਹਾਸਕ ਘਟਨਾ ਦੀ ਯਾਦ ਕਰਦਿਆਂ ਕਿਹਾ ਕਿ ਸ੍ਰੀ ਵਾਜਪਾਈ ਇਸ ਸਮਝਾਉਣਾ ਚਾਹੁੰਦੇ ਸਨ ਕਿ ਗੁਆਂਢੀ ਨਹੀਂ ਬਦਲੇ ਜਾ ਸਕਦੇ, ਉਨ੍ਹਾਂ ਨਾਲ ਸਬੰਧ ਬਦਲੇ ਜਾ ਸਕਦੇ ਹਨ। ਭਾਜਪਾ ਵੱਲੋਂ ਸੱਦੀ ਗਈ ਇਸ ਸਿਵਲ ਸੁਸਾਇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਜੇਤਲੀ ਨੇ ਕਿਹਾ ਕਿ ਸਰਹੱਦਾਂ ਜਿਉਂ ਦੀਆਂ ਤਿਉਂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਸਾਡੇ ਗੁਆਂਢੀ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਜੋ ਮਰਜ਼ੀ ਢੰਗ-ਤਰੀਕਾ ਵਰਤ ਲੈਣ, ਇਸ ਦੇਸ਼ ਦਾ ਭੋਰਾ ਵੀ ਹਿੱਸਾ ਨਹੀਂ ਲੈ ਸਕਣਗੇ। ਉਹ ਸਮਾਂ ਬਦਲ ਗਿਆ ਹੈ ਜਦੋਂ ਦੇਸ਼ ਦੀਆਂ ਸਰਹੱਦਾਂ ਮੁੜ ਤੈਅ ਹੋ ਜਾਂਦੀਆਂ ਸਨ, ਹੁਣ ਅਜਿਹਾ ਨਹੀਂ ਹੋਵੇਗਾ। ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਇਸ ਦੇਸ਼ ਵਿੱਚ ਰਹਿ ਰਹੇ ਸਾਰੇ ਲੋਕਾਂ ਨੂੰ ਵੀ ਸਵੀਕਾਰ ਕਰਨਾ ਪਏਗਾ ਕਿ ਜੰਮੂ ਤੇ ਕਸ਼ਮੀਰ ਦੇਸ਼ ਦਾ ਅਟੁੱਟ ਹਿੱਸਾ ਹੈ। ਉਨ੍ਹਾਂ ਨੇ ਪਾਕਿਸਤਾਨ ਬੱਸ ਲੈ ਕੇ ਗਏ ਸ੍ਰੀ ਵਾਜਪਾਈ ਵੱਲੋਂ ਉਥੇ ਦਿੱਤਾ ਭਾਸ਼ਨ ਚੇਤੇ ਕਰਾਇਆ, ਜਿਸ 'ਚ ਉਨ੍ਹਾਂ ਕਿਹਾ ਕਿ ਭਾਰਤ ਨੂੰ ਆਸ ਸੀ ਕਿ



ਇਸਲਾਮਾਬਾਦ ਵੀ ਇਸ ਉਪਰਾਲੇ ਨੂੰ ਚੰਗਾ ਹੁੰਗਾਰਾ ਦੇਵੇਗਾ। ਸ੍ਰੀ ਜੇਤਲੀ ਨੇ ਕਿਹਾ ਕਿ ਸ੍ਰੀ ਵਾਜਪਾਈ ਨੇ ਪਾਕਿਸਤਾਨ ਵੱਲ ਦੋਸਤੀ ਦਾ ਹੱਥ ਵਧਾਇਆ ਸੀ ਤੇ ਉਥੇ ਆਪਣੇ ਭਾਸ਼ਨ 'ਚ ਕਿਹਾ ਸੀ ਕਿ ਇਤਿਹਾਸ ਬਦਲ ਸਕਦਾ ਹੈ, ਭੂਗੋਲ ਕਦੇ ਨਹੀਂ ਬਦਲਦੀ। ਗੁਆਂਢੀ ਨੇ ਗੁਆਂਢੀ ਹੀ ਰਹਿਣਾ ਹੈ, ਪਰ ਉਸ ਦੇ ਨਾਲ ਸਬੰਧ ਚੰਗੇ ਜਾਂ ਮਾੜੇ ਹੋ ਸਕਦੇ ਹਨ। ਪਾਕਿਸਤਾਨ ਦਾ ਨਾਮ ਲਏ ਬਿਨਾਂ ਉਨ੍ਹਾਂ ਕਿਹਾ ਕਿ ਆਪਣੇ ਨਕਸ਼ੇ ਸਿੱਧ ਕਰਨ ਲਈ ਅਤਿਵਾਦ ਦਾ ਆਸਰਾ ਲੈਣ ਵਾਲਿਆਂ ਨੂੰ ਕੋਈ ਫਲ ਨਹੀਂ ਮਿਲੇਗਾ, ਕਿਉਂਕਿ ਆਲਮੀ ਪੱਧਰ 'ਤੇ ਹੁਣ ਹਿੰਸਾ ਨੂੰ ਕੋਈ ਸਵੀਕ੍ਰਿਤੀ ਨਹੀਂ ਰਹੀ। ਇਸ ਤੋਂ ਇਲਾਵਾ ਭਾਰਤ ਦੀ ਇਸ ਨਾਲ ਨਜਿੱਠਣ ਦੀ ਸਮਰੱਥਾ ਵੀ ਵਧੀ ਹੈ।

ਭਾਰਤ ਫੌਜੀ ਤੇ ਆਰਥਿਕ ਸ਼ਕਤੀ ਵਜੋਂ ਅੱਗੇ ਵਧਿਆ ਹੈ ਤੇ ਅਤਿਵਾਦ ਜਾਂ ਹਿੰਸਾ ਰਾਹੀਂ ਤਬਦੀਲੀ ਨਹੀਂ ਲਿਆਂਦੀ ਜਾ ਸਕਦੀ। ਉਨ੍ਹਾਂ ਕਿਹਾ ਕਿ ਆਪਣੀ ਆਵਾਜ਼ ਬੰਦੂਕਾਂ ਰਾਹੀਂ ਸੁਣਾਉਣ ਵਾਲਿਆਂ ਦਾ ਜੁੱਗ ਬੀਤ ਚੁੱਕਿਆ ਹੈ। ਬੰਦੂਕ ਦੇ ਜ਼ੋਰ ਆਪਣੀ ਗੱਲ ਮਨਾਉਣ ਵਾਲਿਆਂ ਦੀ ਹੁਣ ਕੌਮਾਂਤਰੀ ਪੱਧਰ 'ਤੇ ਵੀ ਪੁੱਛ ਨਹੀਂ ਰਹੀ। ਹਿੰਸਾ ਕਰਨ ਵਾਲਿਆਂ ਤੋਂ ਸਭ ਅੱਕੇ ਪਏ ਹਨ।

ਉਨ੍ਹਾਂ ਕਿਹਾ ਕਿ ਵੱਖਵਾਦੀਆਂ ਨਾਲ ਕੋਈ ਸੰਵਾਦ ਨਹੀਂ ਛੇੜਿਆ ਜਾਏਗਾ ਤੇ ਹਿੰਸਾ ਦਾ ਰਾਹ ਛੱਡ ਕੇ ਮੁੱਖ ਧਾਰਾ ਵਿੱਚ ਆਉਣ ਵਾਲਿਆਂ ਦਾ ਸਵਾਗਤ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮਨਸ਼ਾ ਜੰਮੂ-ਕਸ਼ਮੀਰ ਵਿੱਚ ਅਮਨ-ਸ਼ਾਂਤੀ ਤੇ ਵਿਕਾਸ ਹੈ। ਉਨ੍ਹਾਂ ਕਿਹਾ ਕਿ ਹਿੰਸਾ ਤੇ ਅਤਿਵਾਦ ਦੀ ਸਭ ਤੋਂ ਵੱਧ ਮਾਰ ਆਮ ਲੋਕਾਂ 'ਤੇ ਪੈਂਦੀ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਨਸ਼ੇ ਵੱਡੇ ਪੱਧਰ 'ਤੇ ਪੈ ਰਹੀਆਂ ਵੋਟਾਂ ਤੋਂ ਜ਼ਾਹਰ ਹੋ ਰਹੇ ਹਨ।

## ਭਾਰਤੀ ਮੂਲ ਦੀ ਨੇਹਾ ਸ਼ਾਂਤੀ ਐਵਾਰਡ ਨਾਲ ਸਨਮਾਨਿਤ

ਨਿਊਯਾਰਕ-ਪੈਨਸਿਲਵੇਨੀਆ ਸੂਬੇ ਦੇ ਫਿਲਾਡੈਲਫੀਆ ਦੀ ਰਹਿਣ ਵਾਲੀ ਭਾਰਤੀ ਮੂਲ ਦੀ ਇਕ ਵਿਦਿਆਰਥਣ ਨੇਹਾ ਗੁਪਤਾ (18) ਨੂੰ ਬੀਤੇ ਦਿਨੀਂ ਬੱਚਿਆਂ ਦੀ ਕੌਮਾਂਤਰੀ ਸ਼ਾਂਤੀ ਐਵਾਰਡ ਨਾਲ ਲਿਵ ਨੀਦਰਲੈਂਡਜ਼ ਦੇ ਹੇਗ ਵਿਖੇ ਸਨਮਾਨਿਤ ਕੀਤਾ ਗਿਆ। ਇਹ ਐਵਾਰਡ ਜਿੱਤਣ ਵਾਲੀ ਉਹ ਪਹਿਲੀ ਅਮ-ਰੀਕੀ ਨਾਗਰਿਕ ਹੈ। ਇਹ ਐਵਾਰਡ ਹਰ ਸਾਲ ਬੱਚਿਆਂ ਦੇ ਹੱਕਾਂ ਲਈ ਲੜਨ ਵਾਲੇ ਲੋਕਾਂ ਨੂੰ ਦਿੱਤਾ ਜਾਂਦਾ ਹੈ ਤੇ ਉਸ ਨੇ ਆਪਣੀ ਇਕ ਜੱਥੇਬੰਦੀ 'ਐਮਪਾਵਰ ਆਰਫਨਜ਼' ਕਾਇਮ ਕੀਤੀ ਹੈ। ਇਸ ਸੰਸਥਾ ਦੇ ਕੰਮਾਂ 'ਚ ਬੇ-ਸਹਾਰਿਆਂ ਦੀ ਮਦਦ ਕਰਨਾ, ਉਨ੍ਹਾਂ ਨੂੰ ਕਿਤਾਬਾਂ ਖਰੀਦ ਕੇ ਦੇਣਾ, ਉਨ੍ਹਾਂ ਦੀ ਸਿਹਤ ਦੀ ਜਾਂਚ ਕਰਵਾਉਣਾ, ਪੀਣ ਵਾਲੇ ਸਾਫ ਪਾਣੀ



ਦੀ ਸਪਲਾਈ ਕਰਨਾ, ਕੁੜੀਆਂ ਨੂੰ ਸਿਲਾਈ ਮਸ਼ੀਨਾਂ ਖਰੀਦ ਕੇ ਦੇਣਾ ਆਦਿ ਸ਼ਾਮਲ ਹਨ।

## ਪੰਜਾਬ-ਹਰਿਆਣਾ ਹਾਈਕੋਰਟ ਬਣੀ ਭਾਰਤ ਦੀ ਪਹਿਲੀ ਵਾਈ-ਫਾਈ ਹਾਈਕੋਰਟ



ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸੋਮਵਾਰ ਨੂੰ ਕੰਪਿਊਟਰ ਕਮੇਟੀ ਦੇ ਚੇਅਰਮੈਨ ਅਤੇ ਜੱਜ ਜਸਟਿਸ ਹੇਮੰਤ ਗੁਪਤਾ ਨੇ ਨਵੀਂ ਆਪਟੀਕਲ ਫਾਈਬਰ ਬੇਸ ਲੀਜ਼ ਲਾਈਨ ਵਾਈ-ਫਾਈ ਅਤੇ ਈ-ਫਲਾਈਂਗ ਸਿਸਟਮ ਦੀ ਸ਼ੁਰੂਆਤ ਕੀਤੀ। ਹਾਈਕੋਰਟ ਬਾਰ ਕੰਪਲੈਕਸ ਵਿਚ ਆਯੋਜਿਤ ਪ੍ਰੋਗਰਾਮ 'ਚ ਜਸਟਿਸ ਹੇਮੰਤ ਗੁਪਤਾ ਨੇ ਕਿਹਾ ਕਿ ਅਜਿਹੇ ਕਦਮ ਪ੍ਰੋਫੈਸ਼ਨਲ ਵਰਕਿੰਗ ਦੀ ਦਿਸ਼ਾ 'ਚ ਅਹਿਮ ਹਨ। ਉਨ੍ਹਾਂ ਨੇ ਕਿਹਾ ਕਿ ਇਸ ਕਦਮ ਨਾਲ ਹਰਿਆਣਾ ਤੇ ਪੰਜਾਬ ਦੇ ਵਕੀਲਾਂ ਅਤੇ ਪਟੀਸ਼ਨਰਾਂ ਨੂੰ ਕੇਸ ਦੀ ਜਾਣਕਾਰੀ ਹਾਸਲ ਕਰਨ ਵਿਚ ਸਹੂਲਤ ਹੋਵੇਗੀ। ਹਾਈਕੋਰਟ ਬਾਰ ਸਕੱਤਰ ਸੌਰਵ ਖੁਰਾਣਾ ਨੇ ਕਿਹਾ ਕਿ ਦੇਸ਼ ਦੀ ਇਹ ਪਹਿਲੀ ਪੂਰੀ ਤਰ੍ਹਾਂ ਵਾਈ-ਫਾਈ ਕੰਪਲੈਕਸ ਵਾਲੀ ਹਾਈਕੋਰਟ ਹੈ। ਉਨ੍ਹਾਂ ਨੇ ਕਿਹਾ ਕਿ ਜਿਥੇ ਵਾਈ-ਫਾਈ ਨਾਲ ਕਨੈਕਟੀਵਿਟੀ ਬਿਹਤਰ ਹੋਵੇਗੀ, ਉਥੇ ਹੀ ਈ-ਫਾਇਲਿੰਗ ਸਿਸਟਮ ਨਾਲ ਨਿਆਂ ਪ੍ਰਕਿਰਿਆ ਵਿਚ ਹੋਰ ਤੇਜ਼ੀ ਆਏਗੀ। ਬਾਰ ਐਸੋਸੀਏਸ਼ਨ ਡਾ. ਅਨਮੋਲ ਰਤਨ ਸਿੱਧੂ ਨੇ ਸਾਰੇ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ।


Prime Real Estate Services



Kulwinder Singh Realtor
Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991

MAHEY



ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com

HAPPY TRAVELS AGENCY



Harjit (Happy)
Agency Owner
HappyTravels Agency
Air Lines Ticekts Around The World
Try Us One Time, Specilized in Emergency
We Work With All Major Airlines
For: India, Pakistan, Fiiji, Uk, Europe and All Over The World
Email: happytravelsusa@yahoo.com
PHONE: 209-594-8473
E-FAX: 877-623-6177
1743 GRAND CANAL BLVD
12 STOCKTON, CA 95207



RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY



Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)



Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

# Raja SWEETS & CATERING

AUTHORIZED CATERER FOR MAJOR 5-STAR HOTELS



**Raja Items Serving**

- ALL KINDS OF SWEETS
- SNACKS
- CHAAT STALL
- NORTH INDIAN CUISINE
- FLUDA KULFI STALL
- ON SITE TANDOOR

**Raja Catering Service**

- WEDDING CEREMONIES
- RECEPTIONS
- BIRTHADAY PARTIES
- RELIGIOUS GATHERINGS
- CORPORATE EVENTS
- PICNICS / BAR-B-QUE

**Raja Additional Service**

- WARMERS
- CHAFFING DISHES
- CHINA & SILVERWARE
- LINEN RENTAL
- WAITERS
- BARTENDERS

Contact us

Raja Sweets & Catering

Work (510)489-9100 • Cell (510)715-1619

msbains@rajasweets.com • www.rajasweets.com

www.facebook.com/rajasweetsandcatering

www.twitter.com/RAJASWEETS



# Kash FABRICS

## ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

**ਸਾਡੀ ਸਪੈਸ਼ਲਟੀ**

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਭ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੇਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL BOUTIQUE JEWELRY



ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

## KASH FABRICS

ONE STOP SHOPPING CENTER

29576 Mission Blvd, Hayward, CA 94544

Visit us on the Web at www.kashfabrics.com

**Phone: 510-538-1138**



# INDIA MARKET

SWEETS & SPICES

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

Chaat Plate Only for $2.99

Chaat Papdi. Samosa Chaat. Pani Puri. Dahi Vada. Bhel Puri Chaat



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੰਗੜ

Music, Fabric, Artificial Jewelry, Sweets, Fresh Vegetables & more

We have the largest collection for Indian, Fijian & Pakistani Grocery



## The Threading queen threading & HEENA TATTOOS

We accept EBT cards

Call for appointment

(916) 297-0150, (916) 316-8199

Eyebrow Threading & Henna Tattoo (each hand) Only for $ 5.00

(Regular $ 8.00) Walk In Welcome Mon-Sat 10am to 7 pm

1265 Pleasant Grove Blvd. # 100 Roseville, CA 95747 916-786-7666

5203 Elkhorn Blvd.Sacramento, CA 95842 916-338-5511



# INDIA BAZAAR



Jai Ram Gaught | Harjit Gaught (Happy)

## Indian, Pakistani & Fijjian Groceries

We are open 7 DAYS A WEEK TIME : 9:00 A.M. TO 8:30 P.M.

WE ACCEPT FOOD STAMPS

RENT DVDS & BUY CLOTHES ENJOY YOUR DAY WITH HOPES

EVERY SATURDAY & SUNDAY SPECIAL DISCOUNT ON GROCERIES

Call to Happy- Cell : (209) 594-8473 Ph: (209) 478-0285 Fax : (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬੱਧ ਹਨ।

Email: indiabazaar08@yahoo.com

1304-E HAMMER LANE, Suite 12, STOCKTON CA, 95210

# ਸ਼੍ਰੀ ਗੁਰੂ ਰਵਿਦਾਸ ਗੁਰੂਘਰ ਦੀਆਂ ਚੋਣਾਂ ਸ਼ਾਂਤੀ ਪੂਰਨ ਸੰਪੰਨ

## ਨਿਰਮਲ ਸਿੰਘ ਦੀ ਸਲੇਟ ਭਾਰੀ ਬਹੁਮਤ ਨਾਲ਼ ਜੇਤੂ, ਸਤਿਗੁਰੂ ਜੀ ਦਾ ਸ਼ੁਕਰਾਨਾ ਸਮਾਗਮ 5, 6 ਅਤੇ 7 ਦਸੰਬਰ ਨੂੰ













ਨਿਊਯਾਰਕ- ਸ਼੍ਰੀ ਗੁਰੂ ਰਵਿਦਾਸ ਗੁਰੂਘਰ 61-01 ਬਰਾਡਵੇ ਦੀ ਪ੍ਰਬੰਧਕ ਕਮੇਟੀ ਅਤੇ ਟਰੱਸਟ ਕਮੇਟੀ ਦੀ ਚੋਣ ਐਤਵਾਰ 23 ਨਵੰਬਰ ਨੂੰ ਗੁਰੂਘਰ ਵਿਖੇ ਹੋਈ। ਵੋਟਾਂ ਪਾਉਣ ਦਾ ਸਮਾਂ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਸੀ।ਵੋਟਾਂ ਨੂੰ ਲੈ ਕੇ ਗੁਰੂਘਰ ਨਾਲ਼ ਜੁੜੀ ਸੰਗਤ ਵਿੱਚ ਬਹੁਤ ਭਾਰੀ ਉਤਸ਼ਾਹ ਦੇਖਣ ਨੂੰ ਮਿਲ਼ਿਆ। ਵੋਟ ਪਾਉਣ ਲਈ ਸੰਗਤ ਨੇ ਠੰਡੇ ਮੌਸਮ ਦੀ ਪਰਵਾਹ ਨਾ ਕਰਦੇ ਹੋਏ 3-4 ਘੰਟੇ ਲਾਈਨ ਵਿੱਚ ਉਡੀਕ ਕੀਤੀ। ਇਨ੍ਹਾਂ ਚੋਣਾਂ ਵਿੱਚ 2 ਸਲੇਟਾਂ , ਇੱਕ ਸ. ਨਿਰਮਲ ਸਿੰਘ ਦੀ ਅਤੇ ਦੂਸਰੀ ਸ਼੍ਰੀ ਬਲਵੀਰ ਚੌਹਾਨ ਦੀ, ਚੋਣਾਂ ਲੜ ਰਹੀਆਂ ਸਨ। ਦੋਵੇਂ ਸਲੇਟਾਂ ਵਲੋਂ ਵੋਟਰਾਂ ਨੂੰ ਆਪਣੇ ਹੱਕ ਵਿੱਚ ਵੋਟ ਪਾਉਣ ਲਈ ਅਖਬਾਰ ਅਤੇ ਟੀ.ਵੀ. ਰਾਹੀਂ ਬੇਨਤੀਆਂ ਕੀਤੀਆਂ ਗਈਆਂ ਸਨ। ਗੁ-ਰੂਘਰ ਦੇ ਕੁੱਲ 2142 ਵੋਟਰ ਸਨ।

ਚੋਣਾਂ ਵਿੱਚ ਸ.ਨਿਰਮਲ ਸਿੰਘ ਨੂੰ 1335 ਅਤੇ ਬਲਵੀਰ ਚੌਹਾਨ ਨੂੰ 429 ਵੋਟਾਂ ਪ੍ਰਾਪਤ ਹੋਈਆਂ। 23 ਵੋਟਾਂ ਕੈਂਸਲ ਹੋਈਆਂ। ਸੰਗਤ ਨੇ ਸ. ਨਿਰਮਲ ਸਿੰਘ ਅਤੇ ਭੁਪਿੰਦਰ ਕੁਮਾਰ ਦੀ ਸਲੇਟ ਨੂੰ 906 ਵੋਟਾਂ ਦੇ ਭਾਰੀ ਬਹੁਮਤ ਨਾਲ਼ ਜਿਤਾ ਕੇ 2 ਸਾਲ ਲਈ ਗੁਰੂਘਰ ਦੀ ਸੇਵਾ ਸੰਭਾਲ਼ ਸੌਂਪੀ ਹੈ।

ਸ. ਨਿਰਮਲ ਸਿੰਘ ਨੇ ਸਾਡੇ ਪ੍ਰਤਿਨਿਧ ਨਾਲ਼ ਗੱਲ ਕਰਦਿਆਂ ਦੱਸਿਆ ਕਿ ਇਹ ਜੋ ਸੰਗਤ ਦਾ ਠਾਠਾਂ ਮਾਰਦਾ ਇਕੱਠ ਹੈ ਅਤੇ ਇੰਨੀ ਰਿਕਾਰਡ ਤੋੜ ਵੋਟ ਪੋਲ ਹੋਈ ਹੈ ਇਹ ਕਿਸੇ ਵਿਸ਼ੇਸ਼ ਵਿਅਕਤੀ ਕਰਕੇ ਨਹੀਂ। ਇਹ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਸਿਧਾਂਤ ਨੂੰ ਪਿਆਰ ਕਰਨ ਕਰਕੇ ਹੈ।ਪਿਛਲੇ ਸਮੇਂ ਵਿੱਚ ਗੁਰੂਘਰ ਤੋਂ ਅਨੇਕਾਂ ਹੀ ਪ੍ਰੋਗਰਾਮ ਸੰਗਤ ਦੇ ਸਹਿਯੋਗ ਨਾਲ਼ ਅਤੇ ਸਤਿਗੁਰੂ ਦੀ ਕ੍ਰਿਪਾ ਨਾਲ਼ ਸ਼ੁਰੂ ਕੀਤੇ ਗਏ ਸਨ। ਉਹਨਾਂ ਨੇ ਦੱਸਿਆ ਕਿ ਅਸੀਂ ਸੰਗਤ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਕੇ ਆਉਣ ਵਾਲ਼ੇ ਸਮੇਂ ਵਿੱਚ ਵੀ ਇਸ ਪਾਵਨ ਅਸਥਾਨ ਤੋਂ ਗੁਰੂ ਮਹਾਰਾਜ ਜੀ ਦੇ ਪਾਵਨ ਪਵਿੱਤਰ , ਸਰਬ ਸਾਂਝੀਵਾਲ਼ , ਸਾਧ ਸੰਗਤ , ਬੇਗਮਪੁਰੇ ਅਤੇ ਏਕ ਪਿਤਾ ਦੇ ਸਿਧਾਂਤ ਨੂੰ ਸੰਸਾਰ ਦੀ ਦਹਿਲੀਜ਼ ਤੱਕ ਲਿਜਾਣ ਲਈ ਵਚਨਬੱਧ ਹਾਂ।

ਅਨੇਕਾਂ ਔਕੜਾਂ ਅਤੇ ਕਠਿਨਾਈਆਂ ਦਾ ਸਾਹਮਣਾ ਕਰਦਿਆਂ ਗੁਰੂਘਰ ਦੀ ਸੰਗਤ ਨੇ ਆਪਣੇ ਵੋਟ ਦਾ ਸਹੀ ਇਸਤੇਮਾਲ ਕਰਦਿਆਂ ਵਿਸ਼ੇਸ਼ ਵਿਅਕਤੀ ਤੋਂ ਉਪਰ ਉੱਠ ਕੇ ਗੁਰੂ ਮਹਾਰਾਜ ਜੀ ਦੇ ਸਿਧਾਂਤ ਨੂੰ ਵੋਟ ਪਾਈ।

ਜਿਸ ਦੇ ਲਈ ਅਸੀਂ ਸਮੂਹ ਸਾਧ ਸੰਗਤ ਅਤੇ ਸਾਰੇ ਸਪੋਰਟਰ ਜਿਨ੍ਹਾਂ ਨੇ ਦਿਨ ਰਾਤ ਮਿਹਨਤ ਕੀਤੀ ਦਾ ਦਿਲ ਦੀਆਂ ਗਹਿਰਾਈਆਂ ਤੋਂ ਅਸੀਂ ਧੰਨਵਾਦ ਕਰਦੇ ਹਾਂ ਅਤੇ ਸਾਧ ਸੰਗਤ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੇ ਹਾਂ। ਵੋਟਾਂ ਦੀ ਗਿਣਤੀ ਤੋਂ ਬਾਅਦ ਨਿਰਮਲ ਸਿੰਘ ਦੀ ਸਮੁੱਚੀ ਸਲੇਟ ਅਤੇ ਸਾਧ ਸੰਗਤ ਵਲੋਂ ਸਤਿਗੁਰੂ ਦੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ।

ਗੁਰੂਘਰ ਵਿੱਚ ਪੂਰਾ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਸਮੁੱਚੀ ਕਮੇਟੀ ਵਲੋਂ ਸਤਿਗੁਰੂ ਦੇ ਸ਼ੁਕਰਾਨੇ ਦਾ ਸਮਾਗਮ 5,6 ਅਤੇ 7 ਦਸੰਬਰ ਨੂੰ ਉਲੀਕਿਆ ਗਿਆ ਹੈ ਜਿਸ ਵਿੱਚ ਆਖੰਡ ਪਾਠ ਸਾਹਿਬ 5 ਦਸੰਬਰ ਨੂੰ ਆਰੰਭ ਕਰਕੇ 7 ਦਸੰਬਰ ਨੂੰ ਭੋਗ ਪਾਏ ਜਾਣਗੇ। ਸਮੂਹ ਸੰਗਤ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਸੈਕਰਾਮੈਂਟੋ ਵੱਲੋਂ "ਕਾਮਾਗਾਟਾਮਾਰੂ ਸ਼ਤਾਬਦੀ" ਮੇਲੇ ਦੀਆਂ ਤਿਆਰੀਆਂ ਮੁਕੰਮਲ

ਸੈਕਰਾਮੈਂਟੋ (ਬਿਊਰੋ ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ ਸੈਕਰਾਮੈਂਟੋ ਵੱਲੋਂ ਕੀਤੇ ਜਾਣ ਵਾਲੇ ਮੇਲੇ ਕਾਮਾਗਾਟਾਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਸਬੰਧਤ ਤਿਆਰੀਆਂ ਨੂੰ ਲੈ ਕੇ ਇਕ ਵਿਸ਼ੇਸ਼



ਮੀਟਿੰਗ ਸੁਰਜੀਤ ਸਿੰਘ ਅਟਵਾਲ (ਪ੍ਰਧਾਨ) ਅਤੇ ਸਤਬੀਰ ਸਿੰਘ ਬਾਜਵਾ (ਮੀਤ ਪ੍ਰਧਾਨ) ਦੀ ਪ੍ਰਧਾਨਗੀ ਹੇਠ ਸੈਕਰਾਮੈਂਟੋ 'ਚ 27 ਨਵੰਬਰ ਨੂੰ ਕੀਤੀ ਗਈ, ਜਿਸ ਵਿਚ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਸਰਵ ਸ਼੍ਰੀ ਕੁਲਦੀਪ ਸਿੰਘ ਅਟਵਾਲ (ਚੇਅਰਮੈਨ), ਯਾਦਵਿੰਦਰ ਸਿੰਘ ਗਿੱਲ (ਹੈਪੀ) ਮੀਤ ਚੇਅਰਮੈਨ, ਸੁਰਜੀਤ ਸਿੰਘ ਅਟਵਾਲ (ਪ੍ਰਧਾਨ), ਸਤਬੀਰ ਸਿੰਘ ਬਾਜਵਾ (ਮੀਤ ਪ੍ਰਧਾਨ), ਜਰਨੈਲ ਸਿੰਘ ਮੰਡੇਰ (ਵਾਈਸ ਪ੍ਰਧਾਨ), ਜਗਜੀਤ ਸਿੰਘ ਕੰਦੋਲਾ (ਜਨਰਲ ਸਕੱਤਰ), ਹਰਪਾਲ ਸਿੰਘ ਮਾਨ ਅਤੇ ਸਤਿੰਦਰਪਾਲ ਸਿੰਘ ਸਰਹੱਦੀ (ਖਜਾਨਚੀ) ਤੋਂ ਇਲਾਵਾ ਡਾਇਰੈਕਟਰਜ਼ ਜਥੇਦਾਰ ਬਲਬੀਰ ਸਿੰਘ ਗਿੱਲ, ਬਲਦੇਵ ਸਿੰਘ ਬੋਲੀਨਾ, ਅਮਰੀਕ ਸਿੰਘ ਸਹੋਤਾ, ਗਗਨਦੀਪ ਸਿੰਘ ਬਾਵਾ, ਰਵਿੰਦਰ ਸਿੰਘ ਰਵੀ ਆਦਿ ਸ਼ਾਮਲ ਹੋਏ।

ਉਪਰੋਕਤ ਮੀਟਿੰਗ 'ਚ ਸਾਰੇ ਮੈਂਬਰਾਂ 'ਚ ਸਮਾਗਮ ਪ੍ਰਤੀ ਕਾਫੀ ਦਿਲੀ ਉਤਸ਼ਾਹ ਦੇਖਣ ਨੂੰ ਨਜ਼ਰ ਆਇਆ। ਸਮਾਗਮ ਦੀ ਸਫਲਤਾ ਲਈ ਜਿੱਥੇ ਉਹਨਾਂ ਆਪੋ ਆਪਣੀਆਂ ਲਗਾਈਆਂ ਡਿਊਟੀਆਂ ਨੂੰ ਆਪਣਾ ਨਿੱਜੀ ਫਰਜ਼ ਸਮਝਦਿਆਂ ਖਿੜੇ ਮੱਥੇ ਪ੍ਰਵਾਨ ਕੀਤਾ, ਉਥੇ ਉਹਨਾਂ ''ਕਾਮਗਾਟਾ ਮਾਰੂ'' ਪ੍ਰਤੀ ਜਾਣੂ ਹੋਣ ਲਈ ਲੋਕਾਂ ਤਾਈਂ ਪਹੁੰਚ ਕਰਨ ਦੀ ਆਪੋ ਆਪਣੀ ਵਚਨਬੱਧਤਾ ਦੁਹਰਾਈ।

ਇਸ ਸਮਾਗਮ 'ਚ ਗਦਰ ਲਹਿਰ ਦੇ ਸੰਘਰਸ਼ ਨੂੰ ਦਰਸਾਉਂਦਿਆਂ ਇਤਿਹਾਸਕ ਕਿਤਾਬਾਂ ਦਾ ਵਿਸ਼ੇਸ਼ ਸਟਾਲ ਲਗਾਉਣ ਲਈ ਭਾਰਤ ਤੋਂ ਚਰਨ ਸਿੰਘ ਜੱਜ ਕਿਤਾਬਾਂ ਲੈ ਕੇ ਆ ਰਹੇ ਹਨ।

ਸਭਾ ਦੇ ਜਨਰਲ ਸਕੱਤਰ ਸ੍ਰੀ ਜਗਜੀਤ ਸਿੰਘ ਕੰਦੋਲਾ ਨੇ ਕਿਹਾ ਕਿ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਨਾਟਕ "ਕਾਮਾਗਾਟਾ ਮਾਰੂ ਸਫਰ ਜਾਰੀ ਹੈ'' ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ ਅਲਬਰਟਾ ਵੱਲੋਂ ਲੇਖਕ ਤੇ ਨਿਰਦੇਸ਼ਕ ਦਵਿੰਦਰ ਦਮਨ ਦੁਆਰਾ ਪੇਸ਼ ਕੀਤੇ ਜਾਣ ਵਾਲੇ ਨਾਟਕ ਪ੍ਰਤੀ ਲੋਕਾਂ ਵਿਚ ਪਹਿਲਾਂ ਹੀ ਕਾਫੀ ਸੁਣਨ 'ਚ ਨਜ਼ਰ ਆ ਰਿਹਾ ਹੈ। ਸਾਡੀ ਇਸ ਫਾਊਂਡੇਸ਼ਨ ਵੱਲੋਂ ਸਭ ਨੂੰ ਨਿਮਰਤਾ ਸਹਿਤ ਗੁਜਾਰਿਸ਼ ਹੈ ਕਿ ਆਪਣੇ ਕੀਮਤੀ ਵਕਤ 'ਚੋਂ ਸਮਾਂ ਕੱਢ ਕੇ ਇਸ ਦਿਨ ਆਉਣਾ ਨਹੀਂ ਭੁੱਲਣਾ।

ਇਹਨਾਂ ਤੋਂ ਇਲਾਵਾ ਮੁੱਖ ਤੇ ਵਿਸ਼ੇਸ਼ ਬੁਲਾਰਿਆਂ ਵਜੋਂ ਸਰਵਸ਼੍ਰੀ ਡਾ. ਗੁਰਮੇਲ ਸਿੰਘ, ਚਰਨ ਸਿੰਘ ਜੱਜ ਅਤੇ ਕੁਲਵੰਤ ਸਿੰਘ ਢੇਸੀ ਆਦਿ ਆਪਣੇ ਵਿਚਾਰ ਰੱਖਣਗੇ ਅਤੇ ਗਾਇਕ ਕਲਾਕਾਰਾਂ 'ਚ ਸਰਵਸ਼੍ਰੀ ਪੰਮੀ ਮਾਨ, ਅਨੂਪ ਚੀਮਾ, ਤਰਲੋਕ ਸਿੰਘ, ਅਮਰਜੀਤ ਸਿੰਘ ਦੁਲਈ, ਸੰਨੀ ਬੱਬਰ ਆਦਿ ਸਨਮੁਖ ਹੋਣਗੇ ਤੇ ਬੱਗਾ ਮਿਊਜ਼ਿਕ ਗਰੁੱਪ ਇਹਨਾਂ ਦਾ ਭਰਪੂਰ ਸਾਥ ਦੇਣਗੇ। ਸਟੇਜ ਦਾ ਸੰਚਾਲਨ ਬੀਬੀ ਆਸ਼ਾ ਸ਼ਰਮਾ ਅਤੇ ਸ੍ਰੀ ਰਛਪਾਲ ਸਿੰਘ ਫਰਵਾਲਾ ਕਰਨਗੇ।

ਹੋਰ ਵਧੇਰੇ ਜਾਣਕਾਰੀ ਲਈ:
ਕੁਲਦੀਪ ਸਿੰਘ ਅਟਵਾਲ 209-769-4784,
ਸਤਬੀਰ ਸਿੰਘ ਬਾਜਵਾ 916-616-7200,
ਜਗਜੀਤ ਸਿੰਘ ਕੰਦੋਲਾ 916-968-0901
ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਨਸਲਕੁਸ਼ੀ ਦੀ ਮਾਰ ਝੱਲਣ ਬਾਅਦ ਖਾਲਸਾ ਪੰਥ ਮੋਹਰੇ ਹੁਣ ਹੋਂਦ ਨੂੰ ਖਤਰਾ ਬਣਨ ਵਾਲੀਆਂ ਮਾਰੂ ਚੁਣੌਤੀਆਂ!

## ਕੌਮ ਦੇ ਭਵਿੱਖ ਲਈ ਹਰ ਸਿੱਖ ਚਿੰਤਤ ਹੋਵੇ, ਸੈਮੀਨਾਰ ਵਿਚ ਬੁਲਾਰਿਆਂ ਨੇ ਕੌਮ ਨੂੰ ਅਪੀਲ ਕੀਤੀ

ਸੈਨਹੋਜ਼ੇ (ਤਰਲੋਚਨ ਸਿੰਘ ਦੁਪਾਲ ਪੁਰ) ਜੂਨ ਚੁਰਾਸੀ ਤੋਂ ਸ਼ੁਰੂ ਹੋਈ 'ਨਸਲਕੁਸ਼ੀ' ਪਿੰਡੇ 'ਤੇ ਹੰਢਾਉਣ ਵਾਲੀ ਸਿੱਖ ਕੌਮ ਸਾਹਮਣੇ ਹੁਣ ਆਪਣੀ ਹੋਂਦ ਕਾਇਮ ਰੱਖਣ ਦਾ ਸਵਾਲ ਆ ਖੜ੍ਹਾ ਹੋਇਆ ਹੈ। ਸਿੱਖੀ ਅਤੇ ਸਿੱਖਾਂ ਨੂੰ ਮਲੀਆਮੇਟ ਕਰਨ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ



ਹਨ। ਖਾਲਸਾ ਪੰਥ ਦੇ ਦਰਦੀਆਂ ਨੂੰ ਗੰਭੀਰ ਚਿੰਤਾ ਹੈ ਕਿ ਸਿੱਖਾਂ ਦਾ ਵਾਹ ਜਿਨ੍ਹਾਂ ਲੋਕਾਂ ਨਾਲ ਪੈ ਗਿਆ ਹੈ, ਇਹਨਾਂ ਦੀ ਸਮੁੱਚੀ ਸਮਾਜਿਕ ਤੇ ਰਾਜਨੀਤਿਕ ਵਿਵਸਥਾ ਮਨੂੰ ਸਿਮਰਤੀ ਅਤੇ ਚਾਣਕਿਆ ਨੀਤੀ ਉਤੇ ਆਧਾਰਿਤ ਹੈ।' ਇਹ ਸ਼ਬਦ ਸਨ ਪ੍ਰਸਿੱਧ ਇਤਿਹਾਸਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਦੇ, ਜੋ ਉਹਨਾਂ ਬੀਤੇ ਸ਼ਨੀਵਾਰ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਹੋਏ ਸੈਮੀਨਾਰ ਵਿਚ ਪ੍ਰਗਟਾਏ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਸਿੱਖ ਨਸਲਕੁਸ਼ੀ' ਵਿਸ਼ੇ 'ਤੇ ਆਯੋਜਿਤ ਹੋਏ ਇਸ ਭਰਵੀਂ ਹਾਜ਼ਰੀ ਵਾਲੇ ਸੈਮੀਨਾਰ ਵਿਚ ਬਹੁਤ ਜਜ਼ਬਾਤੀ ਅਤੇ ਗੰਭੀਰ ਲਹਿਜੇ ਵਿਚ ਬੋਲਦਿਆਂ ਹੋਇਆਂ ਡਾ. ਢਿੱਲੋਂ ਨੇ ਸਿੱਖ ਪੰਥ ਨੂੰ ਦਰਪੇਸ਼ ਅਣਕਿਆਸੀਆਂ ਚੁਣੌਤੀਆਂ ਦਾ ਵੇਰਵਾ ਇਕੱਠ ਨਾਲ ਸਾਂਝਾ ਕੀਤਾ। ਬਾਲ ਗੁਰੂ ਨਾਨਕ ਵੱਲੋਂ ਜਨੇਊ ਪਹਿਨਣ ਤੋਂ ਇਨਕਾਰ ਕਰਨ ਤੋਂ ਲੈ ਕੇ, ਸੰਨ ਚੁਰਾਸੀ ਦੀ ਨਸਲਕੁਸ਼ੀ ਅਤੇ ਮੌਜੂਦਾ ਦੌਰ ਵਿਚ ਬਿਪਰ-ਸ਼ਕਤੀਆਂ ਦੀ ਸਿੱਖ ਸੰਸਥਾਵਾਂ, ਸਿੱਖ ਅਦਾਰਿਆਂ ਅਤੇ ਡੇਰਿਆਂ ਵਿਚ ਘੁਸਪੈਠ ਬਾਰੇ ਬਾ-ਦਲੀਲ ਜਾਣਕਾਰੀ ਦਿੱਤੀ। ਆਰ. ਐਸ ਐਸ. ਦੇ ਆਖੇ ਸਿੱਖ ਕੌਮ ਦੀ ਵਿਲੱਖਣਤਾ ਦੇ ਪ੍ਰਤੀਕ 2003 ਵਿਚ ਜਾਰੀ ਹੋਏ 'ਨਾਨਕਸ਼ਾਹੀ ਕੈਲੰਡਰ' ਨੂੰ ਮਿਲਗੋਭਾ ਕੈਲੰਡਰ ਬਣਾਉਣ ਵਾਲੇ ਬਾਦਲ-ਦਲ ਨੂੰ ਬਿਪਰਵਾਦ ਦੇ 'ਕੁਹਾੜੇ ਦਾ ਦਸਤਾ' ਗਰਦਾਨਦੇ ਹੋਏ ਡਾ. ਢਿੱਲੋਂ ਨੇ ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਹਲੂਣਾ ਦਿੱਤਾ ਕਿ ਉਹ ਇਸ ਹਮਲੇ ਵਿਰੁੱਧ ਪੰਥਕ ਪ੍ਰੰਪਰਾਵਾਂ ਮੁਤਾਬਕ ਸੰਘਰਸ਼ ਵਿੱਢਣ ਲਈ ਲਾਮਬੰਦ ਹੋਣ। ਸੈਮੀਨਾਰ ਦੇ ਦੂਸਰੇ ਬੁਲਾਰੇ ਲੰਡਨ ਤੋਂ ਆਏ ਹੋਏ ਇਸਲਾਮਿਕ ਸਕਾਲਰ ਡਾ. ਇਕਤਿਦਾਰ ਕਰਾਮਤ ਚੀਮਾ ਨੇ ਸਮੁੱਚੇ ਸਿੱਖ ਇਤਿਹਾਸ ਵਿਚੋਂ ਸ਼ਹੀਦੀਆਂ ਦੇ ਵੇਰਵੇ ਦਿੰਦਿਆਂ ਆਖਿਆ ਕਿ ਬੇਸ਼ੱਕ ਇਹ ਮੁਗਲ ਸਲਤਨਤ ਦੇ ਬਾਦਸ਼ਾਹਾਂ ਦੇ ਹੁਕਮਾਂ ਅਧੀਨ ਹੋਈਆਂ, ਪਰ ਇਹਨਾਂ ਪਿੱਛੇ ਅਸਲ ਹੱਥ ਉਨ੍ਹਾਂ ਬਿਪਰ ਲੋਕਾਂ ਦਾ ਹੀ ਸਿੱਧ ਹੁੰਦਾ ਹੈ, ਜਿਹਨਾਂ ਨੂੰ ਸਿੱਖ ਫਲਸਫਾ ਫੁੱਟੀ ਅੱਖ ਨਹੀਂ ਸੀ ਭਾਉਂਦਾ। ਮਿਸਾਲਾਂ ਦਿੰਦਿਆਂ ਉਹਨਾਂ ਬੀਰਬਲ, ਹਰਿਭਗਤ ਨਿਰੰਜਣੀਆਂ, ਲਖਪਤ ਤੇ ਜਸਪਤ ਰਾਏ, ਚੰਦੂ, ਗੰਗੂ, ਸੁੱਚਾ ਨੰਦ ਅਤੇ ਬਾਈਧਾਰ ਦੇ ਪਹਾੜੀ ਰਾਜਿਆਂ ਦੇ ਨਾਮ ਗਿਣਾਏ।

ੴ ਸਤਿਗੁਰ ਪ੍ਰਸਾਦਿ

**ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ**

**61-01 Broadway, Woodside NY 11377**

ੴ ਸੋਹੰ

# ਸ਼੍ਰੀ ਗੁਰੂ ਰਵਿਦਾਸ ਗੁਰੂ ਘਰ ਵਿੱਚ ਦਸੰਬਰ ਮਹੀਨੇ ਦੇ ਪ੍ਰੋਗਰਾਮ

ਸ੍ਰੀ ਗੁਰੂ ਰਵਿਦਾਸ ਗੁਰੂਘਰ 61-01 ਬਰਾਡਵੇ ਦੀ ਨਵੀਂ ਪ੍ਰਬੰਧਕ ਕਮੇਟੀ, ਟਰੱਸਟ ਕਮੇਟੀ ਨੂੰ ਸੰਗਤ ਨੇ 23 ਨਵੰਬਰ ਦਿਨ ਐਤਵਾਰ ਨੂੰ ਭਾਰੀ ਮਤਦਾਨ ਕਰਕੇ ਗੁਰੂ ਘਰ ਦੀ ਸੇਵਾ ਸੰਭਾਲ਼ ਅਗਲੇ 2 ਸਾਲ ਲਈ ਸ. ਨਿਰਮਲ ਸਿੰਘ ਦੀ ਸਮੁੱਚੀ ਸਲੇਟ ਨੂੰ ਸੌਂਪੀ। ਪਿਛਲੇ ਸਮੇਂ ਦੌਰਾਨ ਇਹਨਾਂ ਵਲੋਂ ਅਨੇਕਾਂ ਨਵੇਂ ਪ੍ਰੋਗਰਾਮ ਸੰਗਤ ਦੇ ਸਹਿਯੋਗ ਨਾਲ਼ ਗੁਰੂ ਘਰ ਵਿੱਚ ਉਲੀਕੇ ਗਏ। ਨਵੀਂ ਕਮੇਟੀ ਦੇ ਸੇਵਾ ਸੰਭਾਲ਼ ਵਿੱਚ ਆਉਂਦਿਆਂ ਦਸੰਬਰ ਮਹੀਨੇ ਦੇ ਪ੍ਰੋਗਰਾਮ ਸੰਗਤ ਦੇ ਸਹਿਯੋਗ ਅਤੇ ਸਤਿਗੁਰੂ ਦੀ ਕ੍ਰਿਪਾ ਨਾਲ਼ ਉਲੀਕੇ ਗਏ ਹਨ ਜਿਨ੍ਹਾਂ ਵਿੱਚ:-

* 7 ਦਸੰਬਰ ਦਿਨ ਐਤਵਾਰ ਦਾ ਸਮੁੱਚਾ ਦੀਵਾਨ ਨਵੀਂ ਕਮੇਟੀ ਦੇ ਸੇਵਾ ਸੰਭਾਲ਼ ਵਿੱਚ ਆਉਣ ਤੇ ਸਤਿਗੁਰੂ ਦਾ ਸ਼ੁਕਰਾਨਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ ਨਿਰਮਾਣ ਦਿਵਸ ਮਨਾਇਆ ਜਾ ਰਿਹਾ ਹੈ। 5 ਤੋਂ 7 ਦਸੰਬਰ ਤੱਕ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਵੇਂ ਪ੍ਰਬੰਧਕੀ ਸੇਵਾਦਾਰਾਂ ਵਲੋਂ ਕੀਤੀ ਜਾਵੇਗੀ।
* 14 ਦਸੰਬਰ ਦਿਨ ਐਤਵਾਰ ਦੇ ਦੀਵਾਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚੌਥੇ ਸਾਹਿਬਜ਼ਾਦੇ ਬਾਬਾ ਫਤਿਹ ਸਿੰਘ ਦੇ ਜਨਮ ਦਿਹਾੜੇ ਦੀ ਯਾਦ ਵਿੱਚ ਸਜਾਏ ਜਾਣਗੇ।
* 21 ਦਸੰਬਰ ਦਿਨ ਐਤਵਾਰ ਦਾ ਦੀਵਾਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਭਾਈ ਸੰਗਤ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮ੍ਰਪਿਤ ਸਜਾਇਆ ਜਾਵੇਗਾ। 19 ਤੋਂ 21 ਦਸੰਬਰ ਦੀ ਅਖੰਡ ਪਾਠ ਸਾਹਿਬ ਦੀ ਸੇਵਾ ਸ਼੍ਰੀ ਗੁਰੂ ਰਵਿਦਾਸ ਵੈਲਫੇਅਰ ਸੁਸਾਇਟੀ ਦੀਆਂ ਸਮੂਹ ਬੀਬੀਆਂ ਵਲੋਂ ਨਿਭਾਈ ਜਾਵੇਗੀ।
* 28 ਦਸੰਬਰ ਦਿਨ ਐਤਵਾਰ ਦਾ ਦੀਵਾਨ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮ੍ਰਪਿਤ ਸਜਾਇਆ ਜਾਵੇਗਾ।26 ਤੋਂ 28 ਦਸੰਬਰ ਤੱਕ ਸ਼੍ਰੀ ਅਖੰਡ ਪਾਠ ਦੀ ਸੇਵਾ ਸਮੂਹ ਸੰਗਤ ਵਲੋਂ ਨਿਭਾਈ ਜਾਵੇਗੀ।

ਗੁਰੂਘਰ ਦੇ ਸਮੂਹ ਪ੍ਰਬੰਧਕੀ ਸੇਵਾਦਾਰਾਂ ਵਲੋਂ ਨਿਮਰਤਾ ਸਹਿਤ ਸਨਮਾਨਯੋਗ ਸਾਧ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂਘਰ ਵਿੱਚ ਦਸੰਬਰ ਮਹੀਨੇ ਦੇ ਇਹਨਾਂ ਸਾਰੇ ਦੀਵਾਨਾਂ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਦੀਵਾਨਾਂ ਨੂੰ ਸਫਲ ਬਣਾਉਂਦੇ ਹੋਏ ਗੁਰੂ ਦੀਆਂ ਖੁਸ਼ੀਆਂ ਨੂੰ ਕਰੋ ਜੀ।ਹੋਰ ਵਧੇਰੇ ਜਾਣਕਾਰੀ ਲਈ 718-898-8150 (ਗੁਰੂਘਰ) ਅਤੇ 718-213-8136 (ਗੂੰਬੀ ਅਮਰਜੀਤ ਸਿੰਘ) ਤੇ ਸੰਪਰਕ ਕਰ ਸਕਦੇ ਹੋ।

## ਨਿਰਮਲ ਸਿੰਘ, ਪ੍ਰਧਾਨ (437-538-8296)

**ਗੁਰੂ ਘਰ ਦਾ ਸੰਪਰਕ ਨੰਬਰ**

**718- 898- 8150** ਫੈਕਸ- 718-898-0932

## Shri Guru Ravidass Temple New York

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਸੰਗਤਾਂ ਨੇ ਮਨਾਇਆ ਸਤਿਗੁਰੂ ਨਾਨਕ ਦੇਵ ਜੀ ਅਤੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ


ਹਰਬੰਸ ਲਾਲ ਰੱਲ੍ਹ ਜੀ, ਜਿਹਨਾਂ ਨੇ ਗੁਰੂ ਘਰ ਦੀ ਨਵੀਂ ਪ੍ਰਾਪਰਟੀ ਲਈ ਦਾਨ ਦਿੱਤਾ, ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।








ਭਾਈ ਇਕਬਾਲ ਸਿੰਘ ਅਤੇ ਉਹਨਾਂ ਦੇ ਸਮੂਹ ਪਰਿਵਾਰ ਦਾ ਗੁਰਪੁਰਬ ਮੌਕੇ ਲੰਗਰ ਸੇਵਾ ਕਰਨ ਲਈ ਪ੍ਰਬੰਧਕਾਂ ਵੱਲੋਂ ਸਨਮਾਨ ਕੀਤਾ ਗਿਆ।















ਯੂਬਾ ਸਿਟੀ (ਦਿਲਵਿੰਦਰ ਰੱਲ੍ਹ)- ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਅਤੇ ਇੱਥੋਂ ਦੀ ਸਮੂਹ ਸੰਗਤਾਂ ਨੇ 23 ਨਵੰਬਰ ਦਿਨ ਐਤਵਾਰ ਨੂੰ ਸਤਿਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਦਿਹਾੜਾ ਬਹੁਤ ਸ਼ਰਧਾ ਪੂਰਵਕ ਮਨਾਇਆ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ 21 ਨਵੰਬਰ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਏ ਅਤੇ 23 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ।

ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਤੇ ਉਹਨਾਂ ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ ਅਤੇ ਕਥਾਵਾਚਕ ਭਾਈ ਗੁਰਦੇਵ ਸਿੰਘ ਜੀ ਨੇ ਗੁਰਬਾਣੀ ਕਥਾ ਨਾਲ ਸੰਗਤਾਂ ਨੂੰ ਨਿਹਾਲ ਕਰਦਿਆਂ ਸੱਚੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਤੇ ਚੱਲਣ ਲਈ ਪ੍ਰੇਰਿਆ।ਇਹਨਾਂ ਤੋਂ ਇਲਾਵਾ ਗਿਆਨੀ ਸ੍ਰੀ ਸੋਹਣ ਲਾਲ ਸਹੋਤਾ ਜੀ ਨੇ ਵੀ ਸਤਿਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਚਾਨਣਾ ਪਾਇਆ।

ਇਸ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਅੱਜ ਦੇ ਪ੍ਰੋਗਰਾਮ 'ਚ ਲੰਗਰ ਦੀ ਸੇਵਾ ਗੁਰੂ ਘਰ ਦੇ ਪ੍ਰੇਮੀ ਸ: ਇਕਬਾਲ ਸਿੰਘ ਤੇ ਉਹਨਾਂ ਦੇ ਪਰਿਵਾਰ ਵੱਲੋਂ ਕੀਤੀ ਗਈ। ਗੁਰੂ ਘਰ ਵੱਲੋਂ ਉਹਨਾਂ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ। ਗੁਰੂ ਕੇ ਲੰਗਰ ਕੜਾਹ ਪ੍ਰਸ਼ਾਦ ਚਾਹ ਦੇ ਅਟੁੱਟ ਲੰਗਰ ਵਰਤਾਏ ਗਏ। ਸਟੇਜ ਸੇਵਾ ਸ੍ਰੀ ਰਾਮ ਸੇਵਕ ਭਾਈਆ ਜੀ ਨੇ ਬਾਖੂਬੀ ਨਾਲ ਨਿਭਾਈ।

**ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ**

30 ਨਵੰਬਰ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਨੇ ਸਤਿਗੁਰੂ ਨਾਮਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ। ਇਸ ਸਬੰਧਤ 28 ਨਵੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ 30 ਨਵੰਬਰ ਦਿਨ ਐਤਵਾਰ ਨੂੰ ਭੋਗ ਪਾਏ ਗਏ। ਇਸ ਦੌਰਾਨ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਪ੍ਰਿਤਪਾਲ ਸਿੰਘ ਜੀ ਤੇ ਉਹਨਾਂ ਦੇ ਜਥੇ ਤੋਂ ਇਲਾਵਾ ਭਾਈ ਜਸਵਿੰਦਰ ਸਿੰਘ ਤੇ ਭਾਈ ਅਮਰਜੀਤ ਸਿੰਘ ਦੇ ਜਥੇ ਨੇ ਵੀ ਗੁਰਬਾਣੀ 'ਚੋਂ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਭਾਰਤ ਤੋਂ ਆਏ ਸੰਤ ਮਹਿੰਦਰਪਾਲ ਜੀ ਮੰਡਵਾ (ਫਗਵਾੜਾ) ਵਾਲਿਆਂ ਨੇ ਵੀ ਸਤਗਿਰੂ ਨਾਮਦੇਵ ਜੀ ਦੀ ਮਹਿਮਾ 'ਚ ਸ਼ਬਦ ਗਾਇਨ ਕਰਦਿਆਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ ਲਈ ਪ੍ਰੇਰਿਆ। ਉਹਨਾਂ ਨਾਲ ਇੰਗਲੈਂਡ ਤੋਂ ਭਾਈ ਅਮਰਜੀਤ ਸਿੰਘ ਨੇ ਵੀ ਸਾਥ ਦਿੱਤਾ। ਅਖੀਰ ਵਿਚ ਕਥਾਵਾਚਕ ਭਾਈ ਗੁਰਦੇਵ ਸਿੰਘ ਜੀ ਯੂਬਾ ਸਿਟੀ ਵਾਲਿਆਂ ਨੇ ਵੀ ਸੰਗਤਾਂ ਨੂੰ ਸਤਿਗੁਰੂ ਨਾਮਦੇਵ ਜੀ ਦੀ ਬਾਣੀ ਸਬੰਧਤ ਸ਼ਬਦ ਗਾਇਨ ਕਰਦਿਆਂ ਉਹਨਾਂ ਦੇ ਜੀਵਨ ਨਾਲ ਜੁੜੀਆਂ ਮਹੱਤਵਪੂਰਨ ਘਟਨਾਵਾਂ ਦਾ ਵਰਣਨ ਕੀਤਾ।

ਅੱਜ ਦੀ ਸਟੇਜ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਖੂਬੀ ਨਾਲ ਨਿਭਾਈ। ਲੰਗਰ ਕੜਾਅ ਪ੍ਰਸ਼ਾਦ ਅਤੇ ਚਾਹ ਦੇ ਅਟੁੱਟ ਲੰਗਰ ਕਮੇਟੀ ਤੇ ਸਮੂਹ ਸੰਗਤਾਂ ਵੱਲੋਂ ਸੇਵਾ ਕੀਤੀ ਗਈ। ਸ੍ਰੀ ਭਾਟੀਆ ਜੀ ਨੇ ਸਮੂਹ ਸੰਗਤਾਂ ਨੂੰ ਨਵੀਂ ਖਰੀਦੀ ਪ੍ਰਾਪਰਟੀ ਲਈ ਵੱਧ ਤੋਂ ਵੱਧ ਮਾਇਆ ਨਾਲ ਸੇਵਾ ਕਰਨ ਲਈ ਬੇਨਤੀਆਂ ਕੀਤੀਆਂ।

# 6 ਦਸੰਬਰ ਤੋਂ ਆਰੰਭ ਹੋ ਰਹੇ ਵਿਸ਼ਵ ਕਬੱਡੀ ਕੱਪ 'ਤੇ ਖਰਚ ਕੀਤੇ ਜਾ ਰਹੇ ਨੇ ਕਰੋੜਾਂ ਰੁਪਏ

ਜਲੰਧਰ - ਜਿਥੇ ਆਏ ਦਿਨ ਪੰਜਾਬ ਸਰਕਾਰ ਵਲੋਂ ਪੰਜਾਬ ਦਾ ਖਜ਼ਾਨਾ ਖਾਲੀ ਹੋਣ ਦੀ ਦੁਹਾਈਆਂ ਦਿੱਤੀਆਂ ਜਾਂਦੀਆਂ ਹਨ ਉਥੇ ਹੀ ਖਜ਼ਾਨਾ ਖਾਲੀ ਹੋਣ ਕਾਰਨ ਮੁਲਾਜ਼ਮ ਜਥੇਬੰਦੀਆਂ ਤਨਖਾਹਾਂ ਲੈਣ ਲਈ ਆਏ ਦਿਨ ਧਰਨੇ ਮੁਜ਼ਾਹਰੇ ਮਾਰ ਰਹੀਆਂ ਹਨ, ਦੂਜੇ ਪਾਸੇ ਸਰਕਾਰ ਦੀ ਵਿੱਤੀ ਹਾਲਤ ਕਮਜ਼ੋਰ ਹੋਣ ਦੇ ਬਾਵਜੂਦ ਵੀ ਪੰਜਵੇਂ ਵਿਸ਼ਵ ਕਬੱਡੀ ਕੱਪ ਦੀ ਸ਼ੁਰੂਆਤ ਸ਼ਾਨੋ-ਸ਼ੌਕਤ ਨਾਲ ਕਰਨ ਲਈ ਕਰੋੜਾਂ ਰੁਪਏ ਰੋੜ੍ਹੇ ਜਾ ਰਹੇ ਹਨ। ਸ਼ੁਰੂਆਤ ਮੌਕੇ ਕਰਵਾਏ ਜਾਣ ਵਾਲੇ ਪ੍ਰੋਗਰਾਮ 'ਤੇ ਸਰਕਾਰ ਅੰਨ੍ਹੇਵਾਹ ਪੈਸਾ ਖਰਚ ਕਰਦੀ ਰਹੀ ਅਤੇ ਹੁਣ ਕਰਨ ਵੀ ਜਾ ਰਹੀ ਹੈ। ਜਲੰਧਰ 'ਚ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਦੇ ਉਦਘਾਟਨ ਲਈ ਜ਼ੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਇੰਨਾ ਹੀ ਨਹੀਂ ਸਰਕਾਰ ਨੇ ਇਸ ਉਦਘਾਟਨੀ ਸਮਾਗਮ ਦੀ ਤਿਆਰੀ ਦੀ ਜ਼ਿੰਮੇਵਾਰੀ ਇਕ ਨਿੱਜੀ ਕੰਪਨੀ ਫੈਰਿਸ ਵੀਲ੍ਹ ਨੂੰ ਸੌਂਪੀ ਗਈ ਹੈ। ਨਿੱਜੀ ਕੰਪਨੀ ਦੇ ਕਰਿੰਦਿਆਂ ਨੇ ਵਿਸ਼ਵ ਕਬੱਡੀ ਕੱਪ ਦੇ ਉਦਘਾਟਨ ਲਈ ਵਿਸ਼ਾਲ ਸਟੇਜ ਲਗਭਗ ਤਿਆਰ ਕਰ ਲਈ ਹੈ। ਸਟੇਜ ਦੇ ਤਿਆਰ ਹੁੰਦਿਆਂ ਹੀ ਪ੍ਰੋਗਰਾਮ ਪੇਸ਼ ਕਰਨ ਵਾਲੇ ਕਲਾਕਾਰਾਂ ਵੱਲੋਂ ਅਭਿਆਸ ਸ਼ੁਰੂ ਕਰ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕਬੱਡੀ ਦੇ ਨਾਂ ' ਤੇ ਉਦਘਾਟਨੀ ਸਮਾਗਮ 'ਤੇ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ, ਇਸ ਵਿਸ਼ਵ ਕੱਪ ਦੌਰਾਨ ਜਲੰਧਰ 'ਚ ਇਕ ਵੀ ਮੈਚ ਨਹੀਂ ਹੈ।

ਦੇਸ਼ ਦੁਆਬਾ

# ਔਰਤਾਂ ਦੀ ਸੁਰੱਖਿਆ ਨੂੰ ਖ਼ਤਰਾ

ਹਰਿਆਣਾ ਵਿਚ ਕੁਝ ਦਿਨ ਪਹਿਲਾਂ ਦੋ ਸਕੀਆਂ ਭੈਣਾਂ ਨੇ ਸ਼ਰਾਰਤ ਅਤੇ ਛੇੜਖਾਨੀ ਕਰਨ ਵਾਲੇ ਵਿਗੜੇ ਹੋਏ ਮੁੰਡਿਆਂ ਨੂੰ ਅਜਿਹਾ ਸਬਕ ਸਿਖਾਇਆ ਕਿ ਸਾਰੇ ਸਮਾਜ ਨੇ ਇਹਨਾਂ ਬਹਾਦਰ ਲੜਕੀਆਂ ਦੇ ਹੌਸਲੇ ਦੀ ਦਾਦ ਦਿੱਤੀ। ਇਹ ਘਟਨਾ ਪੂਰੇ ਮੁਲਕ ਵਿਚ ਸੋਸ਼ਲ ਮੀਡੀਆ ਦੇ ਜ਼ਰੀਏ ਫੈਲੀ ਅਤੇ ਹਰ ਪਾਸਿਉਂ ਸ਼ਲਾਘਾ ਦੀ ਪਾਤਰ ਬਣੀ। ਅਫਸੋਸ ਇਸ ਗੱਲ ਦਾ ਹੈ ਕਿ ਚਲਦੀ ਬੱਸ ਵਿਚ ਕਿਸੇ ਵੀ ਸਵਾਰੀ ਨੇ ਇਹਨਾਂ ਸ਼ਰਾਰਤੀ ਮੁੰਡਿਆਂ ਨੂੰ ਲੜਕੀਆਂ ਨਾਲ ਛੇੜਛਾੜ ਕਰਨ ਤੋਂ ਨਹੀਂ ਰੋਕਿਆ ਬਲਕਿ ਆਪਣੀਆਂ ਮੋਬਾਇਲ ਤੇ ਵੀਡੀਓ ਬਣਾਉਣ ਵਿਚ ਰੁੱਝੇ ਰਹੇ। ਪਰ ਜਦੋਂ ਇਹਨਾਂ ਭੈਣਾਂ ਨੇ ਸਬਕ ਸਿਖਾਇਆ ਤਾਂ ਸਾਰਿਆਂ ਨੇ ਜ਼ੋਰਦਾਰ ਸਵਾਗਤ ਕੀਤਾ। ਇਹ ਸਾਡੇ ਸਮਾਜ ਦਾ ਚਿਹਰਾ ਵੀ ਹੈ ਅਤੇ ਭਾਰਤ ਵਿਚ ਔਰਤਾਂ ਨਾਲ ਹੁੰਦੇ ਜ਼ੁਲਮ ਅਤੇ ਧੱਕੇਸ਼ਾਹੀਆਂ ਦੀ ਇਕ ਛੋਟੀ ਜਿਹੀ ਮਿਸਾਲ ਵੀ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਸ਼ਰਾਰਤੀ ਲੜਕਿਆਂ ਦੇ ਮਾਪਿਆਂ ਦੁਆਰਾ ਉਹਨਾਂ ਨੂੰ ਫਿਟਕਾਰਾਂ ਪਾਉਣ ਦੀ ਬਜਾਏ ਲੜਕੀਆਂ ਉਤੇ ਹੀ ਮਨਘੜਤ ਦੋਸ਼ ਲਗਾਏ ਜਾ ਰਹੇ ਹਨ। ਸ਼ਰਾਰਤੀ ਲੜਕਿਆਂ ਦੀਆਂ ਮਾਵਾਂ ਮੁੰਡਿਆਂ ਨੂੰ ਨਿਰਦੋਸ਼ ਅਤੇ ਲੜਕੀਆਂ ਨੂੰ ਦੋਸ਼ੀ ਠਹਿਰਾਅ ਰਹੀਆਂ ਹਨ। ਇਹੀ ਉਹ ਸਮੱਸਿਆ ਹੈ, ਜਿਸ ਕਾਰਨ ਭਾਰਤ ਵਿਚ ਲੜਕੀਆਂ ਅਤੇ ਔਰਤਾਂ ਨਾਲ ਛੇੜਛਾੜ ਅਤੇ ਬਲਾਤਕਾਰਾਂ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਭਾਰਤੀ ਸਮਾਜ ਤਸਵੀਰ ਦਾ ਇਕ ਪਾਸਾ ਦੇਖਦੇ ਹਾਂ ਅਤੇ ਦੂਜੇ ਪਾਸੇ ਤੋਂ ਅੱਖਾਂ ਮੀਟ ਲੈਂਦੇ ਹੈ। ਲੋਕ ਆਪਣੇ ਮੁੰਡਿਆਂ ਨੂੰ ਹੱਦ ਤੋਂ ਜ਼ਿਆਦਾ ਤਰਜੀਹ ਦਿੰਦੇ ਹਨ, ਜਦਕਿ ਲੜਕੀਆਂ ਦੇ ਉਤੇ ਪਾਬੰਦੀ ਲਗਾਉਂਦੇ ਹਨ। ਇਸ ਘਟਨਾ ਨੇ ਔਰਤਾਂ ਨਾਲ ਹੋ ਰਹੀਆਂ ਵਧੀਕੀਆਂ ਵਿਰੁੱਧ ਸਰਕਾਰ ਵੱਲੋਂ ਚੁੱਕੇ ਗਏ ਕਦਮਾਂ ਦੀ ਵੀ ਫੂਕ ਕੱਢ ਕੇ ਰੱਖ ਦਿੱਤੀ ਹੈ। ਗ਼ੌਰਤਲਬ ਹੈ ਕਿ ਪੀੜਤ ਲੜਕੀਆਂ ਨੇ ਔਰਤ ਸਹਾਇਤਾ ਨੰਬਰ 1091 ਉੱਤੇ ਵੀ ਫ਼ੋਨ ਕੀਤਾ ਪਰ ਕੋਈ ਇਮਦਾਦ ਨਹੀਂ ਮਿਲੀ। ਉਨ੍ਹਾਂ ਪੁਲੀਸ ਦੇ ਕੰਟਰੋਲ ਰੂਮ ਨੰਬਰ 100 ਉੱਤੇ ਵੀ ਫ਼ੋਨ ਰਾਹੀਂ ਸੂਚਨਾ ਦਿੱਤੀ ਪਰ ਉਨ੍ਹਾਂ ਦੀ ਮਦਦ ਲਈ ਕੋਈ ਨਾ ਬਹੁੜਿਆ। ਹਰਿਆਣਾ ਸੂਬੇ ਦੇ ਜ਼ਿਲ੍ਹਾ ਸੋਨੀਪਤ ਦੇ ਪਿੰਡ ਥਾਣਾ ਦੀਆਂ ਰਹਿਣ ਵਾਲੀਆਂ ਅਤੇ ਰੋਹਤਕ ਦੇ ਆਈ.ਸੀ. ਕਾਲਜ ਵਿੱਚ ਪੜ੍ਹਦੀਆਂ ਇਨ੍ਹਾਂ ਕੁੜੀਆਂ ਨੇ ਜਿੱਥੇ ਆਪਣੇ ਬਲਬੂਤੇ ਆਪਣੀ ਇੱਜ਼ਤ ਨੂੰ ਬਰਕਰਾਰ ਰੱਖਦਿਆਂ ਮਨਚਲੇ ਮੁੰਡਿਆਂ ਨੂੰ ਨਾ ਭੁੱਲੇ ਜਾਣ ਵਾਲਾ ਸਬਕ ਸਿਖਾ ਕੇ ਬਹਾਦਰੀ ਦੀ ਮਿਸਾਲ ਪੈਦਾ ਕੀਤੀ ਹੈ, ਉੱਥੇ ਇਸ ਘਟਨਾ ਨੇ ਸਰਕਾਰ ਅਤੇ ਸਮਾਜ ਉੱਤੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਦਸੰਬਰ 2012 ਵਿੱਚ ਮੁਲਕ ਦੀ ਰਾਜਧਾਨੀ ਦਿੱਲੀ ਵਿਖੇ ਅਤੇ ਉਤਰ ਪ੍ਰਦੇਸ ਸਮੂਹਿਕ ਬਲਾਤਕਾਰ ਕਾਂਡ ਕਰਨ ਤੋਂ ਬਾਅਦ ਦਰਖਤ ਤੇ ਲਟਕਾਏ ਜਾਣ ਦੀਆਂ ਘਟਨਾਵਾਂ ਨੇ ਜਿਵੇਂ ਸਰਕਾਰ ਅਤੇ ਸਮਾਜ ਨੇ ਔਰਤਾਂ ਵਿਰੁੱਧ ਵਧੀਕੀਆਂ ਪ੍ਰਤੀ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕੀਤਾ ਸੀ, ਉਹ ਕਾਫ਼ੀ ਨਰਮ ਪੈ ਗਿਆ ਜਾਪਦਾ ਹੈ।

ਇਸ ਘਟਨਾ ਤੋਂ ਬਾਅਦ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਸਮੂਹਿਕ ਤੌਰ 'ਤੇ ਕੀਤੇ ਗਏ ਯਤਨਾਂ ਦੇ ਸਿੱਟੇ ਵਜੋਂ ਭਾਵੇਂ ਸਰਕਾਰ ਨੂੰ ਔਰਤਾਂ ਵਿਰੁੱਧ ਵਧੀਕੀਆਂ ਸਬੰਧੀ ਕਾਨੂੰਨਾਂ ਨੂੰ ਹੋਰ ਸਖ਼ਤ ਬਣਾਉਣ ਲਈ ਮਜਬੂਰ ਹੋਣਾ ਪਿਆ ਸੀ ਪਰ ਇਨ੍ਹਾਂ ਕਾਨੂੰਨਾਂ ਨੂੰ ਅਮਲ ਵਿੱਚ ਲਿਆਉਣ ਵਾਲੀਆਂ ਏਜੰਸੀਆਂ ਦੀ ਢਿੱਲ-ਮੱਠ ਕਾਰਨ ਇਹ ਸਖ਼ਤ ਕਾਨੂੰਨ ਵੀ ਨਰਮ ਬਣ ਕੇ ਰਹਿ ਗਏ ਹਨ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਔਰਤਾਂ ਵਿਰੁੱਧ ਵਧੀਕੀਆਂ ਘਟਣ ਦੀ ਬਜਾਇ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਸਰਕਾਰਾਂ ਵੱਲੋਂ ਔਰਤਾਂ ਦੀ ਹਿਫ਼ਾਜ਼ਤ ਲਈ ਮਹਿਲਾ ਹੈਲਪ ਲਾਈਨ ਜਾਰੀ ਕਰਨ ਜਿਹੇ ਚੁੱਕੇ ਗਏ ਕਦਮ ਵੀ ਕਾਗਜ਼ੀ ਕਾਰਵਾਈਆਂ ਬਣ ਕੇ ਰਹਿ ਗਏ ਹਨ। ਸਖ਼ਤ ਕਾਨੂੰਨਾਂ ਅਤੇ ਸਰਕਾਰੀ ਕਦਮਾਂ ਦੇ ਬੇਅਸਰ ਹੋ ਜਾਣ ਦੇ ਨਾਲ-ਨਾਲ ਸਮਾਜ ਦੇ ਵੀ ਔਰਤਾਂ ਪ੍ਰਤੀ ਨਜ਼ਰੀਏ ਵਿੱਚ ਕੋਈ ਬਹੁਤਾ ਬਦਲਾਅ ਨਜ਼ਰ ਨਹੀਂ ਆ ਰਿਹਾ। ਉਨ੍ਹਾਂ ਨਾਲ ਹੋ ਰਹੀ ਕਿਸੇ ਵੀ ਵਧੀਕੀ ਵਿਰੁੱਧ ਲੋਕਾਂ ਵੱਲੋਂ ਆਵਾਜ਼ ਉਠਾਈ ਜਾਣੀ ਤਾਂ ਦੂਰ ਦੀ ਗੱਲ, ਉਹ ਅੱਖਾਂ ਸਾਹਮਣੇ ਧੀਆਂ-ਭੈਣਾਂ ਦੀ ਬੇਇਜ਼ਤੀ ਕਰਨ ਵਾਲਿਆਂ ਨੂੰ ਰੋਕਣ ਦੀ ਹਿੰਮਤ ਵੀ ਨਹੀਂ ਵਿਖਾ ਰਹੇ। ਲੋਕਾਂ ਵੱਲੋਂ ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਲਈ ਮੰਗ ਕਰਨ ਦੀ ਥਾਂ ਉਨ੍ਹਾਂ ਨੂੰ ਬਚਾਉਣ ਲਈ ਪੀੜਤ ਲੜਕੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਉੱਤੇ ਦਬਾਅ ਪਾਏ ਜਾਣ ਦੇ ਘਿਨਾਉਣੇ ਯਤਨ ਕੀਤੇ ਜਾ ਰਹੇ ਹਨ। ਰੋਹਤਕ ਨੇੜੇ ਵਾਪਰੀ ਇਸ ਘਟਨਾ ਅਤੇ ਮਹਾਰਾਸਟਰ ਦੇ ਅਹਿਮਦਨਗਰ ਜਿਲੇ ਦੇ ਦਲਿਤ ਪਰਿਵਾਰ ਦਾ ਬੇਰਹਿਮੀ ਨਾਲ ਕਤਲ ਕਰਨ ਤੋਂ ਸਪਸ਼ਟ ਹੋ ਗਿਆ ਹੈ ਕਿ ਨਾ ਕੇਵਲ ਹਰਿਆਣਾ ਬਲਕਿ ਮੁਲਕ ਭਰ ਵਿੱਚ ਅਮਨ-ਕਾਨੂੰਨ ਕਾਇਮ ਕਰਨ ਵਾਲੀਆਂ ਏਜੰਸੀਆਂ ਔਰਤਾਂ ਨਾਲ ਵਧੀਕੀਆਂ ਦੇ ਮੁੱਦੇ ਉੱਤੇ ਅਸਫ਼ਲ ਸਿੱਧ ਹੋ ਰਹੀਆਂ ਹਨ। ਸਰਕਾਰ ਨੂੰ ਇਸ ਵੱਲ ਧਿਆਨ ਦੇਣ ਦੀ ਸਖਤੀ ਨਾਲ ਲੋੜ ਹੈ। – **ਤਰਸੇਮ ਜਲੰਧਰੀ**



### ਪ੍ਰੀਨਿਰਵਾਣ ਦਿਨ 6 ਦਸੰਬਰ

# ਬਦਲੇ ਜ਼ਮਾਨੇ ਮਜ਼ਬੂਰੀ ਕੋਈ ਨਹੀਂ, ਨੀਵੇਂ ਹੀ ਰਹੋਗੇ ਇਹ ਜਰੂਰੀ ਕੋਈ ਨਹੀਂ

**ਸੋਹਣ ਸਹਿਜਲ**
78, ਅਰਬਨ ਅਸਟੇਟ, ਫਗਵਾੜਾ
95014-77278

ਮੈਨੂੰ ਲੱਗਦਾ ਕੋਈ ਜੱਗ ਉੱਤੇ,
ਬਾਬਾ ਸਾਹਿਬ ਮਹਾਨ ਦਾ ਸਾਨੀ ਹੋਵੇ।
ਲੋਕਾਂ ਲਈ ਸਭ ਕੁਛ ਲੁਟਾਉਣ ਵਾਲਾ,
ਭੀਮ ਜਿਹਾ ਜਹਾਨ ਤੇ ਦਾਨੀ ਹੋਵੇ।
ਉਨ੍ਹਾਂ ਜਿਹਾ ਕੋਈ ਸੱਚੀਆਂ ਕਹਿਣ ਵਾਲਾ,
ਦੱਸੋ ਕੋਈ ਜੇ ਗੁਣੀ ਗਿਆਨੀ ਹੋਵੇ।
ਸਹਿਜਲ ਦੱਸੋ ਜੇ ਕਿਸੇ ਨੇ ਹੈ ਕੀਤੀ,
ਬਾਬਾ ਸਾਹਿਬ ਤੋਂ ਵੱਧ ਕੁਰਬਾਨੀ ਹੋਵੇ।

ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 59ਵੇਂ ਪ੍ਰੀਨਿਰਵਾਣ ਦਿਨ ਤੇ ਸਮੁੱਚੇ ਦੇਸ਼ ਵਿੱਚ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਉਨ੍ਹਾਂ ਦੇ ਪੈਰੋਕਾਰ ਬੜੀ ਸ਼ਿੱਦਤ ਅਤੇ ਸ਼ਰਧਾ ਨਾਲ ਬਾਬਾ ਸਾਹਿਬ ਨੂੰ ਯਾਦ ਕਰਦੇ ਹਨ, ਹਰ ਸਾਲ ਯਾਦ ਕਰਦੇ ਹਨ। ਉਨ੍ਹਾਂ ਦੇ ਬੁੱਤਾਂ ਨੂੰ ਫੁੱਲਾਂ ਦੇ ਹਾਰ ਪਹਿਨਾ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਹਨ। ਸਮਾਗਮ ਰਚਾਏ ਜਾਂਦੇ ਹਨ, ਬੁਲਾਰੇ, ਗਾਇਕ ਅਤੇ ਨੇਤਾ ਲੋਕ ਆਪੋ ਆਪਣੇ ਢੰਗ ਨਾਲ ਉਨ੍ਹਾਂ ਦੇ ਜੀਵਨ-ਸੰਘਰਸ਼ ਨੂੰ ਯਾਦ ਕਰਦੇ ਹਨ। ਇਹ ਸਭ ਕੁਛ ਦਿਨੋਂ ਦਿਨ ਵਧ ਰਹੀ ਚੇਤਨਤਾ ਦਾ ਸਬੂਤ ਹੈ। ਸਾਲ ਦਰ ਸਾਲ ਵਧ ਰਹੇ ਇਸ ਉਤਸ਼ਾਹ ਦਾ ਸਵਾਗਤ ਕਰਨਾ ਬਣਦਾ ਹੈ। ਸਮੇਂ ਸਮੇਂ ਦੀਆਂ ਸਰਕਾਰਾਂ ਵੀ ਮਜ਼ਬੂਰੀ ਵੱਸ ਉਨ੍ਹਾਂ ਨੂੰ ਸਾਲ ਵਿੱਚ ਦੋ ਵਾਰ ਯਾਦ ਕਰਦੀਆਂ ਹਨ। 6 ਦਸੰਬਰ ਨੂੰ ਥੋੜ੍ਹਾ ਜਿਹਾ ਅਤੇ 14 ਅਪ੍ਰੈਲ ਉਨ੍ਹਾਂ ਦੇ ਜਨਮ ਦਿਨ ਤੇ ਕੁਛ ਵੱਧ ਪਰ ਆਮ ਲੋਕਾਂ ਵਿੱਚ ਬਾਬਾ ਸਾਹਿਬ ਪ੍ਰਤੀ ਵਧ ਰਹੇ ਚਾਅ ਅਤੇ ਉਤਸ਼ਾਹ ਤੋਂ ਬਹੁਤ ਘੱਟ। ਬਾਬਾ ਸਾਹਿਬ, ਸਰਕਾਰਾਂ ਨੂੰ ਚੰਗੇ ਕਿਉਂ ਨਹੀਂ ਲੱਗਦੇ? ਹਾਲਾਂਕਿ ਉਨ੍ਹਾਂ ਦੀ ਰਾਸ਼ਟਰ ਪ੍ਰਤੀ ਸੇਵਾ ਅਤੇ ਦੇਸ਼ ਲਈ ਉਨ੍ਹਾਂ ਦੀ ਕੁਰਬਾਨੀ ਦਾ ਹੋਰ ਕੋਈ ਲੀਡਰ ਮੁਕਾਬਲਾ ਨਹੀਂ ਕਰ ਸਕਦਾ। ਚਾਹੇ ਭਾਰਤ ਦੇ ਆਜ਼ਾਦੀ ਅੰਦੋਲਨ ਵਿੱਚ ਉਨ੍ਹਾਂ ਦੇ ਬੇਮਿਸਾਲ ਯੋਗਦਾਨ ਦੀ ਗੱਲ ਹੋਵੇ, ਚਾਹੇ ਗਾਂਧੀ ਦੀ ਜਾਨ ਬਚਾਉਣ ਦੀ ਗੱਲ ਹੋਵੇ, ਚਾਹੇ ਅੰਗਰੇਜ਼ਾਂ ਨੂੰ ਖਰੀਆਂ ਖਰੀਆਂ ਸੁਣਾਉਣ ਦੀ ਗੱਲ ਹੋਵੇ, ਚਾਹੇ ਸੰਵਿਧਾਨ ਨਿਰਮਾਣ ਵਿੱਚ ਉਨ੍ਹਾਂ ਦੇ ਯੋਗਦਾਨ ਦੀ ਗੱਲ ਹੋਵੇ, ਬੁੱਧ ਧਰਮ ਵਿੱਚ ਵਾਪਸੀ ਦੀ ਗੱਲ ਹੋਵੇ, ਨੈਤਿਕਤਾ, ਸੱਚਾਈ, ਇਮਾਨਦਾਰੀ ਅਤੇ ਲੋਕਾਂ ਲਈ ਮਰ ਮਿਟਣ ਦਾ ਜਜ਼ਬਾ ਰੱਖਣ ਦੀ ਗੱਲ ਹੋਵੇ, ਕਰੋੜਾਂ ਮੁਰਦਿਆਂ ਵਿੱਚ ਜਾਨ ਫੂਕਣ ਦੀ ਗੱਲ ਹੋਵੇ, ਦੁਨੀਆਂ ਦੀ ਸਭ ਤੋਂ ਘਾਤਕ ਬਿਮਾਰੀ ਜਾਤਪਾਤ, ਛੂਆਛਾਤ ਦਾ ਬੀਜਨਾਸ ਕਰਨ ਦੀ ਗੱਲ ਹੋਵੇ, ਦੇਸ਼ ਅਤੇ ਮਾਨਵਤਾ ਦੇ ਹਿੱਤ ਵਿੱਚ ਕੀਤੀਆਂ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਕੋਈ ਮੁਕਾਬਲਾ ਨਹੀਂ, ਕੋਈ ਜਵਾਬ ਨਹੀਂ। ਫਿਰ ਵੀ ਸਰਕਾਰਾਂ ਦੁਆਰਾ ਉਨ੍ਹਾਂ ਦੇ ਅਸਲ ਵਿਚਾਰਾਂ ਵਿੱਚ ਗੰਧਲਾਪਨ ਪੈਦਾ ਕਰਨ ਦੀ ਸਾਜਿਸ਼ ਕਿਉਂ? ਦੁਨੀਆਂ ਭਰ ਵਿੱਚ ਸਤਿਕਾਰੇ ਜਾਂਦੇ ਭਾਰਤ ਦੇ ਸੰਵਿਧਾਨ 'ਤੇ ਚੱਲਣ ਦੀ ਇਮਾਨਦਾਰੀ ਕਿਉਂ ਨਹੀਂ? ਇਸ ਸੰਵਿਧਾਨ ਨੇ ਦੇਸ਼ ਅੰਦਰ ਲੋਕਰਾਜ ਦੀ ਸਥਾਪਨਾ ਕੀਤੀ, ਲੋਕਾਂ ਦੇ ਰਾਜ ਦੀ ਗੱਲ ਕੀਤੀ। ਕੀ ਚੱਲ ਰਹੇ ਰਾਜ ਪ੍ਰਬੰਧ ਨੂੰ ਲੋਕਾਂ ਦੀ ਬਹੁਗਿਣਤੀ ਦਾ ਰਾਜ ਕਿਹਾ ਜਾ ਸਕਦਾ ਹੈ? 25-30% ਵੋਟਾਂ ਹਾਸਲ ਕਰਨ ਵਾਲੀ ਸਰਕਾਰ ਲੋਕਾਂ ਦੀ ਸਰਕਾਰ, ਬਹੁਗਿਣਤੀ ਦੀ ਸਰਕਾਰ ਕਿਵੇਂ ਹੋ ਸਕਦੀ ਹੈ? ਸ਼ੁਰੂ ਤੋਂ ਲੈ ਕੇ ਅੱਜ ਤੱਕ 15% ਲੋਕ, 85% ਲੋਕਾਂ ਉੱਤੇ ਹਕੂਮਤ ਕਰ ਰਹੇ ਹਨ।

ਸੰਵਿਧਾਨ ਦੇ ਰਾਜ ਦੀ ਥਾਂ ਮਨੂੰਵਾਦੀ ਵਿਧਾਨ ਚੱਲ ਰਿਹਾ ਹੈ। ਕਾਨੂੰਨ ਦਾ ਸ਼ਰੇਆਮ ਉਲੰਘਣ ਹੈ, ਪਰ ਸਜ਼ਾ ਨਹੀਂ। ਕੀ ਮਜ਼ਾਕ ਹੈ? ਬਾਬਾ ਸਾਹਿਬ ਨੇ ਸਾਰਿਆਂ ਲਈ ਸੁਤੰਤਰਤਾ, ਸਮਾਨਤਾ, ਭਾਈਚਾਰੇ ਅਤੇ ਨਿਆਂ ਦਾ ਇੱਕ ਪਵਿੱਤਰ ਦਸਤਾਵੇਜ ਦੇਸ਼ ਵਾਸੀਆਂ ਨੂੰ ਦਿੱਤਾ ਪਰ ਸਮਾਨਤਾ, ਭਾਈਚਾਰਾ, ਨਿਆਂ, ਖੁਸ਼ਹਾਲੀ ਅਜੇ ਵੀ ਬਹੁਗਿਣਤੀ ਲੋਕਾਂ ਲਈ ਦੂਰ ਦੀ ਕੌਡੀ ਹੈ। ਦੁਨੀਆਂ ਨੂੰ ਦੱਸਣ ਜਾਂ ਦਿਖਾਉਣ ਲਈ ਤਾਂ ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਹਾਂ ਪਰ ਬਹੁਗਿਣਤੀ ਲੋਕਾਂ ਨੂੰ ਅਜੇ ਤੱਕ ਵੀ ਪੀਣ ਲਈ ਸਾਫ ਪਾਣੀ ਵੀ ਨਸੀਬ ਨਹੀਂ। ਲੋਕਾਂ ਨੂੰ ਜਾਤ, ਧਰਮ ਅਤੇ ਝੂਠੇ ਵਾਅਦਿਆਂ ਵਿੱਚ ਉਲਝਾ ਕੇ ਦੰਗਿਆਂ ਤੱਕ ਦਾ ਸਹਾਰਾ ਲੈ ਕੇ ਪਹਿਲਾਂ ਹੀ ਅਗਿਆਨੀ, ਅੰਧਵਿਸ਼ਵਾਸੀ ਲੋਕਾਂ ਨੂੰ ਹੋਰ ਗੁੰਮਰਾਹ ਕਰਕੇ ਪ੍ਰਾਪਤ ਕੀਤੇ ਫੈਸਲੇ ਨੂੰ ਲੋਕਰਾਜ ਨਹੀਂ ਕਹਿੰਦੇ। ਕੀ ਚੋਣਾਂ ਜਿੱਤਣ ਲਈ ਕਰੋੜਾਂਪਤੀ ਹੋਣਾ ਪਹਿਲੀ ਸ਼ਰਤ ਨਹੀਂ? ਕੀ ਮਾੜੇ ਅਨਸਰਾਂ ਨਾਲ ਭਾਈਵਾਲੀ ਹੋਣਾ ਦੂਜੀ ਸ਼ਰਤ ਨਹੀਂ? ਅਤੇ ਇਸੇ ਤਰ੍ਹਾਂ ਹੋਰ ਕਈ ਕੁਛ ਗਲਤਮਲਤ। ਤਾਂ ਫਿਰ ਲੋਕਾਂ ਦੀ ਲੋਕਾਂ ਲਈ ਤੇ ਲੋਕਾਂ ਰਾਹੀਂ ਸਰਕਾਰ ਕਿੱਦਾਂ ਰਹੀ। ਵੋਟਾਂ ਵੇਲੇ ਬਾਹੂਬੱਲ ਦਾ ਕੀ ਰੋਲ ਹੈ, ਕਿਸੇ ਤੋਂ ਲੁਕਿਆ ਛੁਪਿਆ ਨਹੀਂ। ਨਸ਼ੇ ਵੰਡਣ ਦਾ ਕੀ ਰੋਲ ਹੈ, ਸਾਰੇ ਜਾਣਦੇ ਹਨ। ਇਸ ਤਰ੍ਹਾਂ ਹੱਥਕੰਡੇ ਅਪਣਾ ਕੇ ਜਿੱਤੇ ਨੇਤਾ ਆਮ ਲੋਕਾਂ ਨੂੰ ਕੀ, ਕਿੰਨੀ ਕੁ ਅਤੇ ਕਿੱਦਾਂ ਦੀ ਰਾਹਤ ਦੇ ਸਕਦੇ ਹਨ? ਹਰ ਸਾਲ ਦੁੱਗਣੀ ਚੌਗੁਣੀ, ਦਸ ਗੁਣਾ ਇਨ੍ਹਾਂ ਦੀ ਜਾਇਦਾਦ ਅਤੇ ਧੰਨ ਦੌਲਤ ਵਿੱਚ ਵਾਧਾ, ਕੀ ਆਮ ਲੋਕਾਂ ਦਾ ਖ਼ੂਨ ਪਸੀਨਾ ਨਹੀਂ ਹੈ? ਨੇਤਾ ਲੋਕ ਕਿਹੜਾ ਹਲ ਵਾਹੁੰਦੇ ਹਨ, ਲੋਕਾਂ ਨੂੰ ਲੁੱਟ ਕੇ ਲੋਕਾਂ ਨੂੰ ਹੀ ਅੱਖਾਂ ਦਿਖਾਉਂਦੇ ਹਨ। ਬਾਬਾ ਸਾਹਿਬ ਨੇ ਅਜੇਹੇ ਨੇਤਾ ਸੁਪਨੇ ਵਿੱਚ ਵੀ ਨਹੀਂ ਦੇਖੇ ਹੋਣਗੇ ਜਿਨ੍ਹਾਂ ਨੂੰ ਲੋਕਾਂ ਦੀਆਂ ਅਸਲ ਸਮੱਸਿਆਵਾਂ ਨਾਲ ਕੋਈ ਵਾਹਵਾਸਤਾ ਹੀ ਨਹੀਂ। ਜੇ ਹੈ ਤਾਂ ਕੇਵਲ ਮੂੰਹਜ਼ੁਬਾਨੀ ਹੀ। ਗਰੀਬੀ ਹਟਾਓ ਦਾ ਨਾਅਰਾ ਕਦੋਂ ਦਾ ਹੈ, ਇਸ ਨਾਅਰੇ ਦਾ ਕੀ ਬਣਿਆਂ? ਵਿਦੇਸ਼ਾਂ ਵਿੱਚੋਂ ਕਾਲਾ ਧਨ ਵਾਪਸ ਲਿਆਵਾਂਗੇ, ਦੇਸ਼ ਦੇ ਅਖੌਤੀ ਧਰਮ ਸਥਾਨਾਂ ਵਿੱਚ ਜਮ੍ਹਾਂ ਅਰਬਾਂ ਖਰਬਾਂ ਦੇ ਧਨ ਨੂੰ ਹੀ ਪਹਿਲਾਂ ਇਸਤੇਮਾਲ ਕਰ ਲਵੋ। ਦੇਸ਼ ਦੀ ਅਬਾਦੀ ਘਟਾਉਣ ਦਾ ਕੋਈ ਪ੍ਰੋਗਰਾਮ ਨਹੀਂ, ਬੇਰੁਜ਼ਗਾਰੀ ਦੂਰ ਕਰਨ ਦੇ ਵਾਅਦੇ ਤਾਂ ਹਨ ਪਰ ਅਮਲ ਕੋਈ ਨਹੀਂ। ਸਾਰੀਆਂ ਸਮੱਸਿਆਵਾਂ ਦੇ ਪੁਆੜੇ ਦੀ ਜੜ੍ਹ ਜਾਤਪਾਤ ਦਾ ਤਾਂ ਨੇਤਾ ਲੋਕ ਨਾਂ ਵੀ ਨਹੀਂ ਲੈਂਦੇ। ਅਛੂਤ ਮੰਦਰ ਵਿੱਚ ਨਹੀਂ ਜਾ ਸਕਦੇ, ਸਿੱਧਾ ਹੀ ਸੰਵਿਧਾਨ ਦਾ ਉਲੰਘਣ ਹੈ, ਅੰਤਰਜਾਤੀ ਸ਼ਾਦੀ ਕਰਨ ਵਾਲੇ ਨੂੰ ਖ਼ਤਰਾ ਹੀ ਖ਼ਤਰਾ, ਸਿੱਧਾ ਹੀ ਸੰਵਿਧਾਨ ਦਾ ਉਲੰਘਣ। ਚੀਜ਼ਾਂ ਵਸਤਾਂ ਦੁੱਧ ਤੱਕ ਵਿੱਚ ਮਿਲਾਵਟ, ਸਿੱਧਾ ਹੀ ਕਾਨੂੰਨ ਦੀ ਮਿੱਟੀ ਪਲੀਤ।

ਅੰਧਵਿਸ਼ਵਾਸਾਂ, ਕਰਾਮਾਤਾਂ, ਜੋਤਿਸ਼ ਆਦਿ ਦਾ ਮੀਡੀਆ ਉੱਤੇ ਨਿੱਤ ਦਾ ਪ੍ਰਚਾਰ, ਸਪਸ਼ਟ ਤੌਰ 'ਤੇ ਸੰਵਿਧਾਨ ਨੂੰ ਚੁਣੌਤੀ, ਜੱਜਾਂ ਤੱਕ ਦਾ ਭ੍ਰਿਸ਼ਟ ਅਤੇ ਜਾਤੀਵਾਦੀ ਹੋਣਾ, ਸਿੱਧਾ ਹੀ ਨਿਆਂ ਨੂੰ ਖ਼ਤਰਾ।



ਬਾਬਾ ਸਾਹਿਬ ਨੇ ਸੰਵਿਧਾਨ ਇਸ ਲਈ ਨਹੀਂ ਸੀ ਬਣਾਇਆ ਕਿ ਨਿੱਤ ਦਿਹਾੜੇ ਇਸ ਦਾ ਕਤਲ ਕੀਤਾ ਜਾਵੇ।

ਮੌਲਿਕ ਅਧਿਕਾਰਾਂ, ਨਿਰਦੇਸ਼ਕ ਸਿਧਾਂਤਾਂ, ਸੰਵਿਧਾਨਿਕ ਨੈਤਿਕਤਾ ਦਾ ਉਲੰਘਣ ਨਿੱਤ ਦਿਹਾੜੇ ਦੀਆਂ ਬਾਤਾਂ ਹਨ। ਬਲਾਤਕਾਰ ਪਲ ਪਲ ਦਾ ਵਰਤਾਰਾ ਹੈ, ਕੁੱਖ ਵਿੱਚ ਕਤਲ ਗੁਨਾਹ ਹੈ, ਫਿਰ ਵੀ ਸਭ ਕੁਛ ਬੇ-ਰੋਕਟੋਕ ਚੱਲਦਾ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਦਾ ਕਥਨ ਹੈ ਕਿ ਕਿਸੇ ਵੀ ਕਾਨੂੰਨ ਦਾ ਮਹੱਤਵ ਨਹੀਂ ਜੇ ਸਮਾਜ ਦੀ ਮਾਨਸਿਕਤਾ ਇਸ ਨੂੰ ਅਪਣਾਉਣ ਲਈ ਤਿਆਰ ਨਹੀਂ। ਬਾਬਾ ਸਾਹਿਬ ਦੀ ਰਾਜਨੀਤੀ ਵੀ ਅਸੂਲਾਂ 'ਤੇ ਅਧਾਰਤ ਸੀ, ਹੁਣ ਦੀ ਰਾਜਨੀਤੀ ਅਸੂਲਾਂ ਦੇ ਉਲੰਘਣ ਦੀ ਰਾਜਨੀਤੀ ਹੈ। ਨੇਤਾਵਾਂ ਤੋਂ ਹੀ ਲੋਕਾਂ ਨੇ ਸੇਧ ਲੈਣੀ ਹੁੰਦੀ ਹੈ ਪਰ ਨੇਤਾ ਲੋਕ ਲੋਕਾਂ ਨੂੰ ਗੁੰਮਰਾਹ ਕਰਦੇ ਹਨ। ਸਾਨੂੰ ਇਹ ਯਾਦ ਰੱਖਣਾ ਹੋਵੇਗਾ ਕਿ,

ਬਦਲੇ ਜ਼ਮਾਨੇ ਮਜ਼ਬੂਰੀ ਕੋਈ ਨਹੀਂ।
ਨੀਵੇਂ ਹੀ ਰਹੋਗੇ ਇਹ ਜਰੂਰੀ ਕੋਈ ਨਹੀਂ।
ਗੱਲੀਂਬਾਤੀਂ ਹੁੰਦੀ ਮਸ਼ਹੂਰੀ ਕੋਈ ਨਹੀਂ।
ਤੁਰਦੇ ਪੈਰਾਂ ਨੂੰ ਸਹਿਜਲ ਦੂਰੀ ਕੋਈ ਨਹੀਂ।

ਬਾਬਾ ਸਾਹਿਬ ਨੇ ਆਪਣੀ ਜਾਨ ਲਾਈ, ਸਾਡੇ ਵਿੱਚ ਜਾਨ ਪਾਉਣ ਲਈ ਆਪਣੇ ਲਈ ਕੁਛ ਨਹੀਂ ਕੀਤਾ। ਸਾਹਿਬ ਕਾਂਸ਼ੀ ਰਾਮ ਜੀ ਵੀ ਆਪ ਮੁੱਖ ਮੰਤਰੀ ਜਾਂ ਰਾਸ਼ਟਰਪਤੀ ਨਹੀਂ ਬਣੇ, ਬਹੁਜਨ ਸਮਾਜ ਨੂੰ ਰਾਜਭਾਗ ਦੇ ਕਾਬਲ ਬਣਾਇਆ। ਇਹੋ ਜਿਹੀ ਸੋਚ ਸਾਡੇ ਲਈ ਵੀ ਸਬਕ ਕਿਉਂ ਨਹੀਂ ਹੋ ਸਕਦੀ? ਮਨੂੰਸਿਮਰਤੀ ਸਾੜਨ ਵਾਲੇ ਬਾਬਾ ਸਾਹਿਬ ਦਾ ਮਨੂੰਵਾਦੀ ਮਾਨਸਿਕਤਾ ਨਾਲ ਕੀ ਮੇਲ ਹੋ ਸਕਦਾ ਹੈ?

ਆਪਣੇ ਆਪ ਲਈ ਹੀ ਸੋਚਣ ਵਾਲਿਆਂ ਦਾ, ਲੋਕਾਂ ਲਈ ਆਪਾ ਵਾਰਨ ਵਾਲੇ ਬਾਬਾ ਸਾਹਿਬ ਨਾਲ ਜਾਂ ਉਨ੍ਹਾਂ ਦੀ ਵਿਚਾਰਧਾਰਾ ਨਾਲ ਕੀ ਨਾਤਾ ਹੋ ਸਕਦਾ ਹੈ? ਅਜ਼ਾਦੀ ਤੋਂ ਲੈ ਕੇ ਅੱਜ ਤੱਕ ਦਲਿਤਾਂ ਦੇ ਮਸੀਹਾ ਕਹਾਉਣ ਦਾ ਦਾਅਵਾ ਕਰਨ ਵਾਲੇ, ਕਿੰਨੇ ਹਨ? ਪਰ ਬਾਬਾ ਸਾਹਿਬ ਅਤੇ ਸਾਹਿਬ ਕਾਂਸ਼ੀ ਰਾਮ ਤੋਂ ਵਧ ਕੇ ਲੋਕਾਂ ਦੇ ਦਿਲਾਂ ਉੱਤੇ ਰਾਜ ਕੌਣ ਕਰਦਾ ਹੈ? ਬਾਬਾ ਸਾਹਿਬ ਦੇ ਨਾਂ ਉੱਤੇ ਕੰਮ ਕਰਨ ਵਾਲੇ ਸਾਰਿਆਂ ਨੂੰ ਇਹ ਜ਼ਿਹਨ ਵਿੱਚ ਰੱਖਣ ਦੀ ਲੋੜ ਹੈ।

ਹੱਥ ਬੰਨ੍ਹਿਆਂ ਨਹੀਂ ਰਾਜਭਾਗ ਮਿਲਦੇ।
ਮੰਗਿਆਂ ਖ਼ੈਰਾਤ ਅਤੇ ਲਾਗ ਮਿਲਦੇ।
ਸਾਨੂੰ ਵੀ ਗ਼ਲਾਮੀਆਂ ਦੇ ਦਾਗ਼ ਮਿਲਦੇ।
ਜੇ ਨਾ ਬਾਬਾ ਸਾਹਿਬ ਜਿਹੇ ਦਿਮਾਗ਼ ਮਿਲਦੇ।

ਅੱਜ ਸਰਦਾਰ ਪਟੇਲ ਨੂੰ ਸਭ ਤੋਂ ਵੱਡਾ ਨੇਤਾ ਪ੍ਰਚਾਰਿਆ ਜਾਂਦਾ ਹੈ, ਗਾਂਧੀ ਜੀ ਨੂੰ ਤਾਂ ਦੁਨੀਆਂ ਪੱਧਰ ਤੇ ਉੱਚਾ ਦੱਸਿਆ ਜਾਂਦਾ ਹੈ। ਸਾਨੂੰ ਇਸ ਤੇ ਇਤਰਾਜ਼ ਨਹੀਂ, ਪਰ ਬਾਬਾ ਸਾਹਿਬ ਨੂੰ ਮੰਨਣ ਵਾਲਿਓ, ਸੱਚ ਦੱਸਿਓ, ਕੀ ਪਟੇਲ ਨੇ ਨਹੀਂ ਕਿਹਾ ਸੀ ਕਿ ਅੰਬੇਡਕਰ ਨੂੰ ਅਸੈਂਬਲੀ ਵਿੱਚ ਵੜਨ ਨਹੀਂ ਦੇਣਾ? ਗਾਂਧੀ ਨਾਲ ਬਾਬਾ ਸਾਹਿਬ ਦਾ ਕਿੰਨਾ ਕੁ ਤੇਹ ਮੋਹ ਸੀ, ਇਹ ਜਾਨਣ ਲਈ ਬਾਬਾ ਸਾਹਿਬ ਦੀ ਇੱਕ ਹੀ ਪੁਸਤਕ, 'ਕਾਂਗਰਸ ਅਤੇ ਗਾਂਧੀ ਨੇ ਅਛੂਤਾਂ ਲਈ ਕੀ ਕੀਤਾ?' ਪੜ੍ਹ ਲਓ।

ਬਾਬਾ ਸਾਹਿਬ ਨੂੰ ਸਰਕਾਰਾਂ ਏਸ ਲਈ ਬਹੁਤਾ ਯਾਦ ਨਹੀਂ ਕਰਨਾ ਚਾਹੁੰਦੀਆਂ ਕਿਉਂਕਿ ਉਨ੍ਹਾਂ ਨੇ ਤੁਹਾਨੂੰ 22 ਸੌਂਹਾਂ ਦਿੱਤੀਆਂ, ਦੇਸ਼ ਦੀ ਸ਼ਾਨਦਾਰ ਵਿਰਾਸਤ ਬੁੱਧ ਧਰਮ ਤੋਂ ਜਾਣੂ ਕਰਾਇਆ, ਕਿਸੇ ਦਾ ਆਸਰਾ ਤੱਕਣ ਦੀ ਥਾਂ ਸਿੱਖਿਅਤ ਹੋਵੋ, ਸੰਘਰਸ਼ ਕਰੋ ਅਤੇ ਸੰਗਠਿਤ ਹੋਵੋ, ਦਾ ਮੁਕਤੀ ਮੰਤਰ ਦਿੱਤਾ। ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਤੁਸੀਂ ਮੰਗਣ ਵਾਲਿਆਂ ਤੋਂ ਦੇਣ ਵਾਲੇ ਬਣ ਸਕਦੇ ਹੋ। ਇਹ ਸਾਹਿਬ ਕਾਂਸ਼ੀ ਰਾਮ ਨੇ ਪ੍ਰਤੱਖ ਕਰਕੇ ਦੱਸਿਆ ਹੈ।

ਬਾਬਾ ਸਾਹਿਬ ਨੇ ਆਪਣੀ ਜਾਨ, ਆਪਣੇ ਸੁੱਖਾਂ ਅਤੇ ਆਪਣੇ ਪਰਿਵਾਰ ਦੀ ਕੀਮਤ ਦੇ ਕੇ ਤੁਹਾਡੇ ਲਈ ਤਰੱਕੀ ਦੇ ਅਵਸਰ ਪੈਦਾ ਕੀਤੇ, ਤੁਹਾਨੂੰ ਹਾਕਮ ਬਣਨ ਲਈ ਰਾਹ ਖੋਲ੍ਹ ਦਿੱਤੇ ਪਰ ਤੁਸੀਂ ਉਸ ਮਸੀਹੇ ਦੀ ਕੀ ਕਦਰ ਪਾਈ? ਕੇਵਲ ਭਾਸ਼ਣਾਂ ਤੱਕ ਹੀ ਸੀਮਤ ਰਹਿ ਗਏ। ਨਕਲੀ ਜਿਹੇ ਅੰਬੇਡਕਰੀ ਬਣ ਕੇ ਤਾਂ ਸਿੱਟਾ ਇਹ ਹੀ ਹੋਣਾ ਹੈ ਕਿ ਰੌਲਾ ਵਾਧੂ ਪਰ ਪ੍ਰਾਪਤੀ ਕੋਈ ਨਹੀਂ। ਬਾਬਾ ਸਾਹਿਬ ਕਿਸੇ ਨੂੰ ਅਸ਼ੀਰਵਾਦ ਨਹੀਂ ਦਿੰਦੇ, ਕਿਸੇ ਨੂੰ ਸਵਰਗ ਨਹੀਂ ਬਖਸ਼ਦੇ।

ਹਾਂ, ਉਨ੍ਹਾਂ ਦੀ ਪ੍ਰੇਰਣਾ ਸ਼ਕਤੀ ਨਾਲ ਤੁਸੀਂ ਇਸ ਜੀਵਨ ਵਿੱਚ ਸਭ ਕੁਛ ਬਣ ਸਕਦੇ ਹੋ, ਸਭ ਕੁਛ ਪ੍ਰਾਪਤ ਕਰ ਸਕਦੇ ਹੋ। ਬਾਬਾ ਸਾਹਿਬ ਦੇ ਵਿਚਾਰਾਂ ਵਿੱਚ ਐਨੀ ਸਮਰੱਥਾ ਹੈ ਕਿ ਉਨ੍ਹਾਂ ਤੇ ਅਮਲ ਕਰਕੇ ਤੁਸੀਂ ਵਿਵਸਥਾ ਪ੍ਰੀਵਤਨ ਕਰ ਸਕਦੇ ਹੋ, ਸਮਾਜਿਕ ਕ੍ਰਾਂਤੀ ਲਿਆ ਸਕਦੇ ਹੋ। ਪਰ ਇਹ ਸਭ ਕੁਛ ਬਿਨਾਂ ਸੰਘਰਸ਼ ਦੇ ਨਹੀਂ ਹੋਣਾ।

ਜੇ ਹੋਇਆ ਵੀ ਤਾਂ ਟਿਕਾਊ ਨਹੀਂ ਹੋਣਾ। ਸ਼ੁਕਰ ਕਰੋ, ਤੁਹਾਡੇ ਕੋਲ ਬਾਬਾ ਸਾਹਿਬ ਵਰਗਾ ਮਹਾਨ ਰਹਿਬਰ ਹੈ ਜਿਸ ਨੂੰ ਜੇ ਪੜ੍ਹੋਗੇ, ਜਾਣੋਗੇ ਤਾਂ ਉਨ੍ਹਾਂ ਦੇ ਹੋਣ ਵਿੱਚ ਫ਼ਖ਼ਰ ਮਹਿਸੂਸ ਕਰੋਗੇ। ਤੁਹਾਨੂੰ ਪਤਾ ਲੱਗੇਗਾ ਕਿ ਜੋ ਉਨ੍ਹਾਂ ਨੇ ਕੀਤਾ, ਹੋਰ ਕਿਸੇ ਨੇ ਨਹੀਂ ਕੀਤਾ। ਤੁਹਾਡੀ ਉਲਝਣ, ਤੁਹਾਡੀ ਭਟਕਣ, ਤੁਹਾਡੀ ਦੁਚਿਤੀ ਖਤਮ ਹੋ ਜਾਵੇਗੀ।

ਬਾਬਾ ਸਾਹਿਬ ਦੀ ਬੇਖ਼ੌਫ਼ ਵਿਚਾਰਧਾਰਾ ਨੂੰ ਲੋਕਾਂ ਵਿੱਚ ਮੁਕੰਮਲ ਇਮਾਨਦਾਰੀ ਨਾਲ ਲੈ ਕੇ ਜਾਣਾ ਅਤੇ ਇੱਕ ਚੰਗੇ ਅੰਬੇਡਕਰੀ ਬਣਨ ਦਾ ਸਬੂਤ ਦੇਣਾ, ਇਸ ਯੁੱਗ ਪੁਰਸ਼ ਨੂੰ ਸਾਡੀ ਸੱਚੀ ਸ਼ਰਧਾਂਜਲੀ ਹੋ ਸਕਦੀ ਹੈ।

ਬਾਬਾ ਸਾਹਿਬ ਕਿੱਦਾਂ ਦਾ ਕਮਾਲ ਕੀਤਾ ਹੈ।
ਲੱਖਾਂ ਬੰਦਿਆਂ ਨੂੰ ਮਾਲਾਮਾਲ ਕੀਤਾ ਹੈ।
ਇੱਕੋ ਜਿਹਾ ਸਭ ਦਾ ਖਿਆਲ ਕੀਤਾ ਹੈ।
ਜੋ ਵੀ ਕੀਤਾ ਕਲਮ ਦੇ ਨਾਲ ਕੀਤਾ ਹੈ।
ਅਤੇ

ਸੰਭਲੋ ਐ ਲੋਕੋ ਬਹੁਤੀ ਹੋਈ ਦੇਰ ਨਹੀਂ।
ਕੋਈ ਰਾਤ ਨਹੀਂ ਜਿਸ ਦੀ ਸਵੇਰ ਨਹੀਂ।
ਤੁਸਾਂ ਜਿਹੇ ਸੂਰਜਾਂ ਨੂੰ ਕੋਈ ਨ੍ਹੇਰ ਨਹੀਂ।
ਭੀਮ ਦਾ ਸਿਪਾਹੀ ਕਿਹੜਾ ਹੈ ਜੋ ਸ਼ੇਰ ਨਹੀਂ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

My final words of advice to you are "Educate, Agitate and Organize"; have faith in yourself. With justice on our side I do not see how we can lose our battle. The battle to me is a matter of joy. The battle is in the fullest sense spiritual. There is nothing material or social in it. For ours is a battle not for wealth or for power. It is battle for freedom. It is the battle of reclamation of human personality. - *Dr. B. R. Ambedkar*




ਬਾਬਾ ਸਾਹਿਬ ਡਾ.ਅੰਬੇਡਕਰ ਜੀ ਦੇ 58ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।

# Dollars Mart

## KUMAR investments



Mr, Vinod Kumar Chumber and his Family

# ਵਿਨੋਦ ਕੁਮਾਰ ਚੁੰਬਰ

ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਬੇ-ਏਰੀਆ (ਕੈਲੇਫੋਰਨੀਆ)
ਵਾਈਸ ਪ੍ਰੈਜ਼ੀਡੈਂਟ ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ (ਕੈਲੇਫੋਰਨੀਆ)

**510-733-3300**



ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 58ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।

"I have never claimed to be a universal leader of suffering humanity. The problem of the untouchables is quite enough for my slender strength. I do not say that other causes are not equally noble. But knowing that life is short, one can only serve one cause and I have never aspired to do more than serve the Untouchables."
- *Bodhisatta Babasaheb Dr. B.R.Ambedkar*



ਸ਼ਿੰਗਾਰਾ ਸਿੰਘ ਰੱਲ੍ਹ ਤੇ ਉਹਨਾਂ ਦੀ ਸੁਪਤਨੀ

ਸ਼ਿੰਗਾਰਾ ਸਿੰਘ ਰੱਲ੍ਹ (ਪ੍ਰਧਾਨ, ਸ੍ਰੀ ਗੁਰੂ ਰਵਿਦਾਸ ਟੈਂਪਲ) ਤੇ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਕੈਨੇਡਾ ਦੀ ਧਰਤੀ ਤੇ ਵਿਸ਼ਾਲ ਨਗਰ ਕੀਰਤਨ ਨੇ ਇੱਕ ਨਵਾਂ ਇਤਿਹਾਸ ਸਿਰਜਿਆ





ਸਰੀ (ਕੈਨੇਡਾ) (ਜੈਤੇਗ ਸਿੰਘ ਅਨੰਤ)-ਸਤ ਸਮੁੰਦਰੋਂ ਪਾਰ ਪੰਜਾਬੀਆਂ ਦੇ ਗੜ੍ਹ ਬ੍ਰਿਟਿਸ਼ ਕੋਲੰਬੀਆ ਰਾਜ ਦੇ ਸੁੰਦਰ ਸ਼ਹਿਰ ਸਰੀ ਵਿਖੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਇੱਕ ਵਿਸ਼ਾਲ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਹ ਨਗਰ ਕੀਰਤਨ ਸਵੇਰੇ ਤੋਂ ਹੀ ਹੋ ਰਹੀ ਬੂੰਦਾਬਾਂਦੀ ਦੇ ਬਾਵਜੂਦ ਵੀ 152 ਸਟਰੀਟ ਦੇ ਜਮਾਤਖਾਨੇ ਦੀ ਪਾਰਕਿੰਗ ਤੋਂ ਆਰੰਭ ਕੀਤਾ ਗਿਆ। ਝੂਲਦੇ ਕੇਸਰੀ ਨਿਸ਼ਾਨ ਅਤੇ ਕੈਨੇਡਾ ਦੇ ਝੰਡੇ ਚੁੱਕੀ ਸਿੰਘਾਂ ਦੇ ਪਿਛੇ ਪੰਜ ਪਿਆਰੇ ਨਗਰ ਕੀਰਤਨ ਦੀ ਅਗਵਾਈ ਕਰਦੇ ਵਿਖਾਈ ਦੇ ਰਹੇ ਸਨ। ਇਕ ਵੱਡੇ ਫਲੋਟ ਉੱਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਾਲਕੀ ਸੁਸ਼ੋਭਿਤ ਸੀ। ਫਲੋਟ ਤੋਂ 'ਮਿਟੀ ਧੁੰਦ 'ਜਗ ਚਾਨਣ ਹੋਆ' ਦੀਆਂ ਵਿਸਮਾਦੀ ਧੁਨਾਂ ਰਾਹੀਂ ਤੇ ਹੋਰ ਗੁਰਬਾਣੀ ਦੇ ਇਲਾਹੀ ਕੀਰਤਨ ਤੋਂ ਸੰਗਤਾਂ ਆਨੰਦ ਲੈ ਰਹੀਆਂ ਸਨ। ਕੇਸਰੀ ਤੇ ਨੀਲੇ ਰੰਗ ਦੀਆਂ ਦਸਤਾਰਾਂ ਤੇ ਦੁਪੱਟਿਆਂ ਦਾ ਠਾਠਾਂ ਮਾਰਦਾ ਸਮੁੰਦਰ ਵਾਹਿਗੁਰੂ ਦਾ ਨਾਮ ਜਪਦਾ ਬਾਰਸ਼ ਦੀ ਪ੍ਰਵਾਹ ਨਾ ਕਰਦਾ ਹੋਇਆ ਆਪਣੇ ਪਹਿਲੇ ਗੁਰੂ ਨਾਨਕ ਦੇਵ ਜੀ ਦੀ ਨਿੱਘੀ ਯਾਦ ਨੂੰ ਨਤਮਸਤਕ ਹੋ ਰਿਹਾ ਸੀ। ਰਣਜੀਤ ਅਖਾੜਾ ਸਰੀ ਦੇ ਕੈਨੇਡੀਅਨ ਜੰਮੇ ਸਿੱਖ ਬੱਚੇ ਸ਼ਸਤਰ ਵਿਦਿਆ ਦੇ ਜ਼ੌਹਰ ਵਿਖਾ ਰਹੇ ਸਨ। ਗੁਰੂ ਅੰਗਦ ਐਲੀਮੈਂਟਰੀ ਸਕੂਲ ਸਰੀ,ਗੁਰੂ ਨਾਨਕ ਸਿੱਖ ਅਕਾਡਮੀ ਆਪਣੇ ਫਲੋਟ ਰਾਹੀਂ ਹਾਜ਼ਰੀ ਲਵਾ ਰਹੇ ਸਨ। ਇਸ ਤੋਂ ਬਾਅਦ ਕੈਨੇਡ-ਇਅਨ ਸਿੱਖ ਆਰਮੀ ਦੇ ਟਰੇਨਰਜ਼ ਵੀ ਸਿੱਖੀ ਰੂਪ ਵਿਚ ਆਪਣੀ ਮਹਿਕ ਖਿੰਡਾ ਰਹੇ ਸਨ। ਸੜਕਾਂ ਦੇ ਦੋਨੋ ਪਾਸੇ ਸੰਗਤਾਂ ਵੱਲੋਂ ਵੱਡੀ ਗਿਣਤੀ ਵਿਚ ਫੂਡ ਸਟਾਲ ਲਗਾਏ ਹੋਏ ਸਨ,ਜਿਥੇ ਸੰਗਤਾਂ ਨਗਰ ਕੀਰਤਨ ਲਈ ਵੱਡੀ ਗਿਣਤੀ ਵਿਚ ਖਾਣ ਪੀਣ ਦੀਆਂ ਵਸਤਾਂ ਦੇ ਸਟਾਲਾਂ ਰਾਹੀਂ ਸੇਵਾ ਕਰ ਰਹੀਆਂ ਸਨ। ਸੰਗਤਾਂ ਦੀ ਮਹਿਮਾਨ ਨਿਵਾਜ਼ੀ ਦੀ ਸ਼ਰਧਾ ਡੁਲ੍ਹ ਡੁਲ੍ਹ ਪੈਂਦੀ ਵੇਖੀ ਜਾ ਸਕਦੀ ਸੀ। ਇਸੇ ਤਰ੍ਹਾਂ ਇੱਕ ਫਲੋਟ ਵਿਚ ਪੁਰਾਤਨ ਸ਼ਸਤਰਾਂ ਦਾ ਪ੍ਰਦਰਸ਼ਨ ਗੁਰੂ ਕਾਲ ਦੇ ਇਤਿਹਾਸ ਦੀ ਯਾਦ ਕਰਵਾ ਰਿਹਾ ਸੀ। ਸਾਰੇ ਰੂਟ ਵਿਚ ਸੰਗਤਾਂ ਪੂਰੇ ਅਨੁਸ਼ਾਸਨ ਵਿਚ ਤੁਰ ਰਹੀਆਂ ਸਨ। ਬਾਣੀ ਤੇ ਬਾਣੇ ਵਿਚ ਰੰਗੇ ਸੰਗਤਾਂ ਦੇ ਸਮੁੰਦਰ ਅੱਗੇ ਕੁਝ ਘੰਟਿਆਂ ਬਾਅਦ ਕੁਦਰਤ ਵੀ ਬੇਬਸ ਹੋ ਕੇ ਮੌਸਮ ਵਿਚ ਨਿਖ਼ਾਰ ਆ ਗਿਆ ਸੀ। ਹਲਕੀ ਹਲਕੀ ਧੁਪ ਨਿਕਲਣ ਨਾਲ ਨਗਰ ਕੀਰਤਨ ਵਿਚ ਸੰਗਤਾਂ ਦਾ ਹੋਰ ਵਾਧਾ ਹੋਣਾ ਸ਼ੁਰੂ ਹੋ ਗਿਆ।

ਬ੍ਰਿਟਿਸ਼ ਕੋਲੰਬੀਆ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਤੇ ਕੱਢਿਆ ਗਿਆ ਇਹ ਪਹਿਲਾ ਨਗਰ ਕੀਰਤਨ ਸੀ। ਕੋਈ ਵੀ ਕਾਰਜ ਆਰੰਭ ਕਰਨਾ ਬੜਾ ਔਖਾ ਹੋ ਜਾਂਦਾ ਹੈ। ਪਰ ਜੇਕਰ ਕੋਈ ਕਾਰਜ ਸ਼ੁਰੂ ਹੋ ਜਾਏ ਤਾਂ ਫਿਰ ਉਹ ਰੁਕਦਾ ਨਹੀਂ। ਨਗਰ ਕੀਰਤਨ ਦੇ ਰੂਹੇ ਰਵਾਂ ਗਿਆਨੀ ਨਰਿੰਦਰ ਸਿੰਘ ਹੀ ਹਨ ਜਿਨ੍ਹਾਂ ਦੀ ਸੋਚ, ਸੰਕਲਪ ਨੇ ਇਸ ਵਿਸ਼ਾਲ ਨਗਰ ਕੀਰਤਨ ਦੀ ਵਿਉਂਤ ਨੂੰ ਉਲੀਕਿਆ। ਇਸ ਇਕ ਪੁਰਖੀ ਪ੍ਰਦਰਸ਼ਨ ਨੇ ਕੈਨੇਡਾ ਦੇ ਸਿੱਖ ਇਤਿਹਾਸ ਵਿਚ ਇਕ ਨਵਾਂ ਮੀਲ ਪੱਥਰ ਗੱਡਿਆ ਹੈ ਜੋ ਰਹਿੰਦੀ ਦੁਨੀਆਂ ਤੱਕ ਸਾਕਾਰ ਰਹੇਗਾ। ਨਗਰ ਕੀਰਤਨ 4 ਕਿਲੋਮੀਟਰ ਦਾ ਰਸਤਾ ਤਹਿ ਕਰਕੇ ਵੱਖ-ਵੱਖ ਗਲੀਆਂ ਵਿਚ ਹੁੰਦਾ ਹੋਇਆ ਮੁੜ 3 ਵਜੇ ਗੁਰੂ ਘਰ ਵਿਚ ਨਿਰਵਿਘਨ ਸਮਾਪਤ ਹੋਇਆ। ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਵਿਚ ਵਰਕਰ ਪਾਰਟੀ ਦੀ ਸੋਚ ਤੇ ਸੰਕਲਪ ਤੋਂ ਜਾਣੂੰ ਕਰਵਾ ਰਹੇ ਸਨ। ਗਿਆਨੀ ਨਰਿੰਦਰ ਸਿੰਘ ਵਾਲੀਆ ਅਨੁਸਾਰ ਇਹ ਪਹਿਲਾ ਨਗਰ ਕੀਰਤਨ ਹੋਣ ਕਾਰਨ ਅਸੀਂ ਮਿਥੇ ਸਮੇਂ ਤੋਂ ਜਰੂਰ ਕੁਝ ਦਿਨ ਪਛੜ ਗਏ ਹਾਂ ਪਰ ਭਵਿਖ ਵਿਚ ਸਾਡਾ ਯਤਨ ਹੋਵੇਗਾ ਕਿ ਅਸੀਂ ਸਮੇਂ ਸਿਰ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਨੂੰ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਈਏ।

# 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਹੋਏ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੇ ਰੂ-ਬ-ਰੂ



"ਦੇਸ਼ ਦੁਆਬਾ" ਵੱਲੋਂ ਪ੍ਰਕਾਸ਼ਿਤ ਡਾ. ਜਸਵੰਤ ਰਾਏ ਦੀ ਪੁਸਤਕ 'ਕਥਾਵਾਂ ਬਿਸਤ ਦੁਆਬ ਦੀਆਂ' ਰਿਲੀਜ਼ ਕਰਦੇ ਹੋਏ ਸੰਪਾਦਕ ਪ੍ਰੇਮ ਕੁਮਾਰ ਚੁੰਬਰ



ਹੁਸ਼ਿਆਰਪੁਰ- ਡਾ. ਜਸਵੰਤ ਰਾਏ ਸਾਹਰੀ ਦੇ ਗ੍ਰਹਿ ਵਿਖੇ ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਕੈਲੇਫੋਰਨੀਆ ਸਾਹਿਤ ਸਭਾ ਦੇ ਮੈਂਬਰਾਂ ਅਤੇ ਆਹੁਦੇਦਾਰਾਂ ਦੇ ਰੂ-ਬ-ਰੂ ਹੋਏ।ਸਭਾ ਦੇ ਪ੍ਰਧਾਨ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਸ਼੍ਰੀ ਚੁੰਬਰ ਨੂੰ ਜੀ ਆਇਆਂ ਸ਼ਬਦ ਆਖਦਿਆਂ ਕਿਹਾ ਕਿ ਕੈਲੇਫੋਰਨੀਆ ਦੀ ਧਰਤੀ ਜਿੱਥੇ ਵਿਅਕਤੀ ਨੂੰ ਆਪਣੀ ਰੋਜ਼ੀ ਰੋਟੀ ਦੇ ਕੰਮਾਂ ਤੋਂ ਹੀ ਫੁਰਸਤ ਨਹੀਂ ਮਿਲਦੀ ਉੱਥੇ ਸ਼੍ਰੀ ਚੁੰਬਰ ਪਿਛਲੇ 15 ਸਾਲਾਂ ਤੋਂ ਲਗਾਤਾਰ ਅੰਬੇਡਕਰ ਟਾਈਮਜ਼, ਅੰਬੇਡਕਰ ਡਾਟ ਆਰਗ ਅਤੇ ਹੁਣ ਦੇਸ਼ ਦੁਆਬਾ ਅਖਬਾਰਾਂ ਰਾਹੀਂ ਪੰਜਾਬੀ ਸੱਭਿਆਚਾਰ ਖਾਸ ਕਰਕੇ ਦੁਆਬੇ ਦੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਹੰਭਲੇ ਮਾਰ ਰਿਹਾ ਹੈ। ਇਹ ਆਪਣੇ ਆਪ ਵਿਚ ਇੱਕ ਬਹੁਤ ਵੱਡਾ ਉਦਮ ਹੈ ਅਤੇ ਇਸ ਕੰਮ ਲਈ ਸ੍ਰੀ ਚੁੰਬਰ ਵਧਾਈ ਦਾ ਪਾਤਰ ਹੈ।

ਸ਼੍ਰੀ ਚੁੰਬਰ ਨੇ ਸਾਹਿਤ ਸਭਾ ਦੇ ਮੈਂਬਰਾਂ ਦੇ ਰੂ-ਬ-ਰੂ ਹੁੰਦਿਆਂ ਕਿਹਾ ਕਿ ਦਰਅਸਲ ਪੰਜਾਬ ਚ ਰਹਿੰਦਿਆਂ ਮੈਂ ਪੱਤਰਕਾਰਤਾ ਨਾਲ ਲਗਾਤਾਰ ਜੁੜਿਆ ਰਿਹਾ। ਮੇਰੇ ਮਨ ਵਿਚ ਇਹ ਸ਼ੁਰੂ ਤੋਂ ਹੀ ਸੀ ਕਿ ਸਮਾਜ ਦਾ ਅਸਲ ਚਿਹਰਾ-ਮੁਹਰਾ ਸਭ ਦੇ ਸਾਹਮਣੇ ਆਉਣਾ ਚਾਹੀਦਾ ਹੈ। ਦੂਸਰਾ ਸਭਿਆਚਾਰ ਦੀ ਸਹੀ ਪੇਸ਼ਕਾਰੀ ਦੀ ਵੀ ਬਹੁਤ ਜਰੂਰਤ ਸੀ। ਸਭਿਆਚਾਰ ਅਤੇ ਸਮਾਜ ਦਾ ਆਪਸ ਵਿਚ ਬੜਾ ਗੂਹੜਾ ਰਿਸ਼ਤਾ ਹੈ। ਮੈਂ ਇਹਨਾਂ ਦੋਹਾਂ ਨੂੰ ਨਾਲ-ਨਾਲ ਲੈ ਕੇ ਚੱਲਣਾ ਚਾਹੁੰਦਾ ਸੀ। ਇਸ ਤਰ੍ਹਾਂ ਮਨ ਵਿਚ ਦੱਬੇ ਪਏ ਇਹਨਾਂ ਵਿਚਾਰਾਂ ਨੂੰ ਸਹੀ ਦਿਸ਼ਾ ਦੇਣ ਲਈ ਮੈਂ ਇੱਥੇ ਅਖਬਾਰਾਂ ਦਾ ਕੰਮ ਸ਼ੁਰੂ ਕੀਤਾ। ਪਰ ਇਹ ਸਹਿਜ ਨਹੀਂ ਸੀ। ਮੈਨੂੰ ਇਹਦੇ ਲਈ ਬੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਮੈਂ ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੇ ਸਭਿਆਚਾਰ, ਰਾਜਨੀਤਕ, ਸਮਾਜਿਕ, ਆਰਥਿਕ ਮਸਲਿਆਂ ਨੂੰ ਚੇਤੰਨ ਹੋ ਕੇ ਪੇਸ਼ ਕਰ ਰਿਹਾ ਹਾਂ।ਖਾਸ ਕਰਕੇ ਦੁਆਬੇ ਦੇ। ਕਿਉਂਕਿ ਮੈਂ ਦੁਆਬੇ ਵਿਚ ਜੰਮਿਆਂ ਪਲਿਆ ਹਾਂ। ਇਸ ਮਿੱਟੀ ਨਾਲ ਮੇਰੀ ਦਿਲੋਂ ਸਾਂਝ ਹੈ।ਮੈਂ ਦੁਆਬੇ ਦੇ ਸਰਬਾਂਗੀ ਸਭਿਆਚਾਰ ਨੂੰ ਦੁਨੀਆਂ ਦੇ ਨਕਸ਼ੇ ਤੇ ਲਿਆਉਣਾ ਚਾਹੁੰਦਾ ਹਾਂ। ਇਹ ਕੰਮ ਮੇਰੇ ਲਈ ਕਮਾਈ ਦਾ ਸਾਧਨ ਨਹੀਂ ਹੈ। ਅਸਲ ਮੁਦਿਆਂ ਤੇ ਪਹਿਰਾ ਦੇਣ ਕਰਕੇ ਹਰ ਮਹੀਨੇ ਆਪਣੀ ਜੇਬ ਢਿੱਲੀ ਕਰਨੀ ਪੈਂਦੀ ਹੈ।

ਤੁਸੀਂ ਇਥੇ ਸਾਰੇ ਅੱਜ ਡਾ. ਜਸਵੰਤ ਰਾਏ ਹੁਰਾਂ ਦੇ ਉਦਮ ਨਾਲ ਇਕੱਤਰ ਹੋਏ ਹੋ ਅਤੇ ਮੈਨੂੰ ਆਪਣੇ ਮਨ ਦੀ ਗੱਲ ਕਰਨ ਦਾ ਮੌਕਾ ਦਿੱਤਾ ਹੈ। ਮੈਨੂੰ ਬੜਾ ਚੰਗਾ ਲੱਗ ਰਿਹਾ ਹੈ। ਤੁਸੀਂ ਸਾਰੇ ਕਲਮਾਂ ਦੇ ਧਨੀ ਹੋ। ਸਾਹਿਤ ਦੀ ਹਰ ਵਿਧਾ ਨਾਲ ਜੁੜੇ ਹੋਏ ਹੋ। ਮੈਂ ਤੁਹਾਡੇ ਕੋਲੋਂ ਦੁਆਬੇ ਦੇ ਹਰ ਪੱਖ ਬਾਰੇ ਸਾਹਿਤਕ ਕਿਰਤਾਂ ਚਾਹੁੰਦਾ ਹਾਂ ਤਾਂ ਕਿ ਮੈਂ ਉਹਨਾਂ ਦੀ ਪੇਸ਼ਕਾਰੀ ਕਰਕੇ ਇਸ ਪਾਕ ਮਿੱਟੀ ਦਾ ਕਰਜ਼ ਉਤਾਰ ਸਕਾਂ।

ਪੰਜਾਬੀ ਸਾਹਿਤ ਸਭਾ ਦੇ ਸਾਰੇ ਮੈਂਬਰਾਂ ਨੇ ਚੁੰਬਰ ਦੇ ਉਦਮ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਹਰ ਤਰ੍ਹਾਂ ਦੀ ਮੱਦਦ ਦਾ ਭਰੋਸਾ ਦੁਆਇਆ। ਇਸ ਮੌਕੇ ਦੇਸ਼ ਦੁਆਬਾ ਪ੍ਰਕਾਸ਼ਨ, ਯੂ. ਐੱਸ. ਏ. ਵਲੋਂ ਛਾਪੀ ਡਾ. ਜਸਵੰਤ ਰਾਏ ਦੀ ਲੋਕ ਕਥਾਵਾਂ ਦੀ ਪੁਸਤਕ 'ਕਥਾਵਾਂ ਬਿਸਤ ਦੁਆਬ ਦੀਆਂ' ਵੀ ਲੋਕ-ਅਰਪਨ ਕੀਤੀ ਗਈ।ਸਾਹਿਤ ਸਭਾ ਵਲੋਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਪ੍ਰਿੰਸੀਪਲ ਸ਼੍ਰੀ ਅਸ਼ੋਕ ਕੁਮਾਰ ਜਵਾਹਰ ਨਵੋਦਿਆ ਸਕੂਲ ਫਲਾਹੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇਸ ਮੌਕੇ ਡਾ. ਕਰਮਜੀਤ ਸਿੰਘ, ਸ਼ਾਇਰ ਮਦਨ ਵੀਰਾ, ਤਰਸੇਮ ਜਲੰਧਰੀ, ਬਬੀਤਾ ਰਾਣੀ, ਪਵਨ ਕੁਮਾਰ, ਮਮਤਾ ਰਾਣੀ, ਸ਼ਿਫਾਲੀ ਅਤੇ ਅੰਕੁਸ਼ ਰਾਏ ਹਾਜ਼ਰ ਸਨ।ਅੰਤ ਵਿਚ ਸਾਹਿਤ ਸਭਾ ਦੇ ਜਨਰਲ ਸਕੱਤਰ ਡਾ. ਜਸਵੰਤ ਰਾਏ ਨੇ ਆਏ ਹੋਏ ਮੁਖ ਮਹਿਮਾਨਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ।

# ਨਾਨਕਸ਼ਾਹੀ ਕੈਲੰਡਰ ਸਬੰਧੀ ਜਾਗਰੂਕਤਾ ਪ੍ਰੋਗਰਾਮ 3 ਜਨਵਰੀ ਨੂੰ

ਲੋਡਾਈ- ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ ਅਤੇ ਸਟਾਕਟਨ ਦੇ ਸਾਂਝੇ ਉਦਮ ਸਦਕਾ ਮੂਲ ਨਾਨਕਸ਼ਾਹੀ ਕੈਲੰਡਰ ਦੀ ਅਜੋਕੀ ਦਸ਼ਾ, ਇਸ ਦੇ ਸਾਹਮਣੇ ਆ ਰਹੀਆਂ ਚੁਣੌਤੀਆਂ ਅਤੇ ਇਸ ਨੂੰ ਦੇਸ਼ ਵਿਦੇਸ਼ ਵਿਚ ਸ਼ੁੱਧ ਰੂਪ ਵਿਚ ਲਾਗੂ ਕਰਨ ਲਈ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਪਾਲ ਸਿੰਘ ਪੁਰੇਵਾਲ ਅਤੇ ਇਸ ਖੇਤਰ ਵਿਚ ਜੁਟੇ ਹੋਏ ਵਿਦਵਾਨਾਂ ਟਤੇ ਸਿੱਖ ਸੰਗਤਾਂ ਨੂੰ ਇਕ ਮੰਚ ਤੇ ਲਿਆ ਕੇ ਆਵਾਜ਼ ਬੁਲੰਦ ਕਰਨ ਲਈ ਗੁਰਦੁਆਰਾ ਦਸ਼ਮੇਸ਼ ਦਰਬਾਰ ਲੋਡਾਈ ਵਿਖੇ 3 ਜਨਵਰੀ ਨੂੰ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਸੈਮੀਨਾਰ ਵਿਚ ਸਿੱਖ ਕੌਮ ਦੇ ਵਿਦਵਾਨ ਅਤੇ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਹੋਣਗੀਆਂ। ਹੋਰ ਜਾਣਕਾਰੀ ਲਈ 209-993-6171 ਜਾਂ 209- 368-5177 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਾਬਾ ਸਾਹਿਬ ਦਾ 58ਵਾਂ ਪ੍ਰੀ-ਨਿਰਵਾਣ ਦਿਵਸ ਮਨਾਇਆ ਜਾਵੇਗਾ

ਜਲੰਧਰ- ਅੰਬੇਡਕਰ ਭਵਨ ਟਰੱਸਟ (ਜਲੰਧਰ) ਵੱਲੋਂ ਬਾਬਾ ਸਾਹਿਬ ਡਾ. ਅੰਬੇਡਕਰ ਦਾ 58ਵਾਂ ਪ੍ਰੀ-ਨਿਰਵਾਣ ਦਿਵਸ, ਉਹਨਾਂ ਦੇ ਸੰਘਰਸ਼, ਪ੍ਰਾਪਤੀਆਂ ਅਤੇ ਯਾਦ ਨੂੰ ਸਮਰਪਿਤ, ਸ਼ਰਧਾਂਜਲੀ ਸਭਾ ਦਾ ਆਯੋਜਨ 6 ਦਸੰਬਰ 2014 ਨੂੰ ਕੀਤਾ ਜਾ ਰਿਹਾ ਹੈ, ਜਿਸ ਵਿਚ ਕਾਂਗਰਸ ਦੇ ਐਮ. ਪੀ. ਸ੍ਰੀ ਸੰਤੋਖ ਸਿੰਘ ਚੌਧਰੀ ਮੁੱਖ ਮਹਿਮਾਨ ਹੋਣਗੇ।

ਇਹਨਾਂ ਤੋਂ ਇਲਾਵਾ ਲਾਹੌਰੀ ਰਾਮ ਬਾਲੀ, ਪ੍ਰੋ. ਗਿਆਨ ਚੰਦ ਕੌਲ, ਡਾ. ਰਾਮ ਲਾਲ ਜੱਸੀ, ਡਾ. ਸੁਰਿੰਦਰ ਅਜਨਾਤ, ਆਰ. ਸੀ. ਸੰਕਾਰ, ਕੇ. ਸੀ. ਸੁਲੇਖ, ਰਾਜਿੰਦਰ ਪ੍ਰਤਾਪ ਸਿੰਘ ਪਵਾਰ ਵੀ ਵਿਚਾਰ ਰੱਖਣਗੇ। ਲੰਗਰ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

-------------




TANDOOR
Indian Restaurant
27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

WE ARE SPECIALIST IN CATERING & SPECIAL ITEMS ARE AVAILABLE HERE :
FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ
ਮੱਛੀ ਦੇ ਪਕੌੜਿਆਂ ਲਈ ਮਸ਼ਹੂਰ
BUFFET LUNCH 11:00 AM To 3:00 PM
Contact Us:
We are open seven days 11 AM to 10 PM
Ph. 510-885-1212
Fax. 510-885-1532



AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।



We Do Complete Engine Transmission, Body and Paint Work We Sell Used Cars at a Good Price



Prop: Jasbir Singh Takhar
510-755-2132
Free Estimates
Free Towing
Harmandeep Singh
510- 733- 2222
1421 Industrial PKWY West#F Hayward, CA 94544



FREE WiFi
Ram Gopal
Annabelle's
Pizza & Pasta Kitchen
200 "J" Street
Sacramento, CA 95814 (916) 448-6239
BIG SCREEN TV
Annabelle's
Pizza & Pasta Kitchen
IN OLD SACRAMENTO
PIZZA, PASTA, SPAGHETTI, BAKED MACARONI & CHEESE, SALAD BAR (16 Varieties)
Italian Buffets, Indian Foods. (Italian Buffet $6.99)
Hall free for Jago, Birth Day & Wedding Parties.
Seven days open from 11 AM to 4 PM
Varieties of Video Games Available
Variety of Sandwiches are also available



Ram Gopal
Features All you can eat Italian Buffet
(Our Dough is Freshly Rolled Daily and Made of the Finest Ingredients)
Now Serving Beer &Wine!




Ram Gopal (916) 448-6239
200 "J" Street, Sacramento, CA 95814



Sam's Auto Repair & Services
Professional Auto Repairs & Services
BRAKE & LAMP INSPECTION
Domestic & Foreign Cars
STAR CERTIFIED TEST & REPAIR STATION
* ਅਸੀਂ ਇਸ ਬਿਜ਼ਨਿਸ ਵਿਚ ਲੱਗਭੱਗ 25 ਸਾਲ ਤੋਂ ਹਾਂ
* ਜੇਕਰ ਤੁਹਾਡੀ ਵਹੀਕਲ ਦਾ ਸਮੋਗ ਟੈਸਟ ਨਹੀਂ ਪਾਸ ਹੁੰਦਾ ਤਾਂ ਤੁਸੀਂ ਇੱਥੋਂ "CAP CONSUMER ASSITANT PROGRAM" ਪ੍ਰੋਗਰਾਮ ਤਹਿਤ ਤੁਹਾਡੀ ਵਹੀਕਲ ਠੀਕ ਕਰਨ ਲਈ $500.00 ਤੱਕ ਸਟੇਟ ਮਦਦ ਕਰਦੀ ਹੈ
* ਜੇਕਰ ਤੁਸੀਂ ਆਪਣੀ ਪੁਰਾਣੀ ਵਹੀਕਲ ਰਿਟਾਇਰ ਕਰਨੀ ਚਾਹੁੰਦੇ ਹੋ ਤਾਂ ਸਟੇਟ ਤੁਹਾਨੂੰ $1000 ਤੋਂ $1500 ਤੱਕ ਦਿੰਦੀ ਹੈ।
* ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਲਈ ਤੁਸੀਂ ਸਾਡੇ ਨਾਲ ਅੰਗਰੇਜ਼ੀ ਤੋਂ ਇਲਾਵਾ ਪੰਜਾਬੀ ਅਤੇ ਹਿੰਦੀ ਵਿਚ ਗੱਲ ਕਰ ਸਕਦੇ ਹੋ।
* ਵਧੇਰੇ ਜਾਣਕਾਰੀ ਲਈ www.smogcheck.ca.gov ਤੇ ਕਲਿਕ ਕਰੋ,
* ਤੁਸੀਂ ਇੱਥੋਂ ਆਪਣੇ ਵਹੀਕਲ ਦੀ DMV ਰਜਿਸਟ੍ਰੇਸ਼ਨ ਵੀ ਕਰਵਾ ਸਕਦੇ ਹੋ
649 West Elkhorn Blvd, Suite B Rio Linda, CA 95673
(916) 992-9004
SMOG N TAG
(916) 334-7664
6421 Watt Ave.
North Highlands, CA 95660
$10.00 Off initial Smog Check
Restrictions Apply - See Store for Details
STAR Certified

# ਵਿਜੇ ਸਾਂਪਲਾ ਦੀ ਰਿਹਾਇਸ਼ ਤੇ ਕੀਤਾ ਕਾਲੇ ਬਿੱਲੇ ਲਾ ਕੇ ਰੋਸ ਪ੍ਰਦਰਸ਼ਨ





**ਹੁਸ਼ਿਆਰਪੁਰ–** ਐਸ ਸੀ. ਬੀ. ਸੀ. ਗਜ਼ਟਿਡ ਨਾਨ ਗਜ਼ਟਿਡ ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਪੰਜਾਬ ਨੇ ਜ਼ਿਲ੍ਹਾ ਪ੍ਰਧਾਨ ਸ. ਕੁਲਵਿੰਦਰ ਸਿੰਘ ਬੋਦਲ ਦੀ ਅਗਵਾਈ ਵਿਚ ਸ੍ਰੀ ਵਿਜੇ ਸਾਂਪਲਾ, ਰਾਜ ਮੰਤਰੀ ਭਾਰਤ ਸਰਕਾਰ ਦੀ ਰਿਹਾਇਸ਼ ਤੇ ਸੈਂਕੜੇ ਅਹੁਦੇਦਾਰਾਂ ਵੱਲੋਂ ਕਾਲੇ ਬਿੱਲੇ ਲਾ ਕੇ ਹੋਏ ਪੰਜਾਬ ਪ੍ਰਧਾਨ ਚੌਧਰੀ ਬਲਰਾਜ ਕੁਮਾਰ ਨੇ ਕਿਹਾ ਕਿ ਬੀਤੇ ਦਿਨੀਂ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਕੀਤਾ ਗਿਆ ਗੈਰ ਸੰਵਿਧਾਨਕ ਪੱਤਰ ਅਤੇ ਰਾਖਵਾਂਕਰਨ ਵਿਰੋਧੀ ਪੱਤਰ ਨੂੰ ਜਲਦੀ ਤੋਂ ਜਲਦੀ ਰੱਦ ਕੀਤਾ ਜਾਵੇ ਅਤੇ ਇਸਨੂੰ ਜਾਰੀ ਕਰਵਾਉਣ ਵਾਲੀ ਅਫ਼ਸਰਸ਼ਾਹੀ ਖਿਲਾਫ ਕਾਰਵਾਈ ਕੀਤੀ ਜਾਵੇ। ਕੁਲਵਿੰਦਰ ਸਿੰਘ ਬੋਦਲ ਨੇ ਕਿਹਾ ਕਿ ਜੇਕਰ ਇਸ ਪੱਤਰ ਨੂੰ ਰੱਦ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਰਦ ਰੁੱਤ ਵਿਧਾਨ ਸਭਾ ਸੈਸ਼ਨ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਡਾ. ਜਸਵੰਤ ਰਾਏ, ਬਲਜੀਤ ਕੁਮਾਰ, ਬਲਦੇਵ ਸਿੰਘ ਧੁੱਗਾ, ਰਾਮ ਲਾਲ ਭਗਤ, ਪ੍ਰਿੰ: ਗੁਰਦਿਆਲ ਸਿੰਘ ਹੋਰਾਂ ਨੇ ਬੈਕਲਾਗ ਪੂਰਾ ਕਰਨ, ਐਸ. ਸੀ. ਵਿਦਿਆਰਥੀਆਂ ਦਾ ਵਜ਼ੀਫਾ ਲਾਗੂ ਕਰਨ, ਸ਼ਗਨ ਸਕੀਮ ਦੀ ਰਾਸ਼ੀ ਅਦਾ ਕਰਨ ਅਤੇ ਅਨੁਪਾਤ ਅਨੁਸਾਰ ਰਾਖਵਾਂਕਰਨ ਦਿੱਤੇ ਜਾਣ ਬਾਰੇ ਆਪਦੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸ੍ਰੀ ਮਨਜੀਤ ਬਾਲੀ ਤੱਲਣ ਨੂੰ ਫੈਡਰੇਸ਼ਨ ਵੱਲੋਂ ਮੰਗ ਪੱਤਰ ਵੀ ਦਿੱਤਾ ਗਿਆ। ਮਨਜੀਤ ਬਾਲੀ ਨੇ ਸ੍ਰੀ ਸਾਂਪਲਾ ਵੱਲੋਂ ਜਲਦੀ ਤੋਂ ਜਲਦੀ ਇਸ ਹੱਕੀ ਮੰਗ ਨੂੰ ਪੂਰਾ ਕਰਵਾਉਣ ਦਾ ਭਰੋਸਾ ਦਿ-ਵਾਇਆ। ਇਸ ਮੌਕੇ ਸ੍ਰੀ ਜਤਿੰਦਰ ਕੁਮਾਰ ਤਹਿਸੀਲ ਪ੍ਰਧਾਨ, ਦਵਿੰਦਰ ਸਿੰਘ ਕਲਸੀਆਂ, ਬਿਸ਼ਨ ਦਾਸ ਸੰਧੂ, ਬਲਾਕ ਪ੍ਰਧਾਨ ਯੋਧਾ ਮੱਲ, ਕੁਲਵੰਤ ਸਿੰਘ, ਜਸਪਾਲ ਸਿੰਘ, ਸੰਦੀਪ ਕੁਮਾਰ, ਰੇਸ਼ਮ ਸਿੰਘ, ਸੁਖਦੇਵ ਸਿੰਘ, ਜਸਵੀਰ ਸਿੰਘ, ਪ੍ਰਿੰਸੀਪਲ ਰਣਜੀਤ ਕੁਮਾਰ, ਪ੍ਰਿੰਸੀਪਲ ਰਾਮ ਆਸਰਾ, ਹਰਜਾਪ ਸਿੰਘ, ਸੁਰਿੰਦਰ ਕੁਮਾਰ, ਪ੍ਰਿਥੀਪਾਲ ਸਿੰਘ, ਸੁਖਦੇਵ ਸਿੰਘ ਕਾਜਲ ਅਤੇ ਅਹੁਦੇਦਾਰ ਸ਼ਾਮਲ ਸਨ।

## ਰਾਜਾ ਅਸੀਂ ਅਤੇ ਸ਼ਾਸਨ ਕੋਈ ਹੋਰ ਕਰੇ: ਮਾਂਝੀ

### ਸਵਰਣ ਦੁਸ਼ਮਣ ਨਹੀਂ ਹਨ ਪਰ ਸਕੇ ਵੀ ਨਹੀਂ, ਜਿਹਨਾਂ ਨੂੰ ਮੇਰੀ ਗੱਲ ਪਸੰਦ ਨਾ ਆਈ ਹੋਵੇ, ਉਹਨਾਂ ਨੂੰ ਆਪਣੀ ਅੰਤੜੀ ਦੇਖਣੀ ਚਾਹੀਦੀ ਹੈ

**ਪਟਨਾ–** ਮੁੱਖ ਮੰਤਰੀ ਜੀਤਨ ਰਾਮ ਮਾਂਝੀ ਆਪਦੇ ਬਿਆਨ ਤੇ ਫਿਰ ਅੜੇ ਨਜ਼ਰ ਆਏ। ਬੀਤੇ ਦਿਨੀਂ ਵੈਟਰਨਰੀ ਕਾਲਜ ਮੈਦਾਨ ਵਿਚ ਮਹਾਂ-ਦਲਿਤ ਮਿਸ਼ਨ ਦੁਆਰਾ ਆਯੋਜਿਤ ਪ੍ਰੋਗਰਾਮ ਵਿਚ ਉਹਨਾਂ ਨੇ ਫਿਰ ਕਿਹਾ ਕਿ ਸਵਰਣ ਵਿਦੇਸ਼ੀ ਹਨ। ਅਸੀਂ ਸਭ ਇਕ ਹਾਂ, ਸਵਰਣ ਸਾਡੇ ਦੁਸ਼ਮਣ ਨਹੀਂ ਹਨ ਪਰ ਸਕੇ ਵੀ ਨਹੀਂ ਹਨ। ਸਕੇ ਦੀ ਥਾਂ ਖਾਸ ਹੁੰਦੀ ਹੈ, ਜੋ ਦੂਜਾ ਨਹੀਂ ਲੈ ਸਕਦਾ। ਸਕੇ ਸਿਰਫ ਦਲਿਤ, ਮਹਾਂਦਲਿਤ ਅਤੇ ਪੱਛੜੇ ਹੀ ਹਨ।



ਉਹਨਾਂ ਕਿਹਾ ਕਿ ਮੂਲ ਨਿਵਾਸੀ ਦੇ ਮੁੱਦੇ ਤੇ ਹੰਗਾਮਾ ਮੱਚਿਆ ਹੋਇਆ ਹੈ। ਕੁਝ ਲੋਕਾਂ ਨੂੰ ਚੰਗਾ ਨਹੀਂ ਲੱਗ ਰਿਹਾ ਹੈ। ਕੌਣ ਕਿੱਥੋਂ ਆਏ ਹਨ, ਇਹ ਇਤਿਹਾਸਕਾਰ ਦੱਸਣਗੇ। ਜਿਹਨਾਂ ਨੂੰ ਮੇਰੀ ਗੱਲ ਪਸੰਦ ਨਹੀਂ ਆਈ, ਉਹਨਾਂ ਨੂੰ ਆਪਣੀ ਅੰਤੜੀ ਦੇਖਣੀ ਚਾਹੀਦੀ ਹੈ। ਉਹਨਾਂ ਨੇ ਕਿਸੇ ਦੀ ਜਾਤੀ ਦਾ ਨਾਂ ਲਏ ਬਿਨਾਂ ਕਿਹਾ ਕਿ ਰਾਜਾ (ਮੂਲ ਨਿਵਾਸੀ) ਅਸੀਂ ਅਤੇ ਰਾਜ ਕੋਈ ਹੋਰ ਕਰੇ। ਸੱਚ ਕਹਿਣ ਨਾਲ ਕੁਝ ਲੋਕ ਮੈਨੂੰ ਤਿਰਛੀ ਨਜ਼ਰ ਨਾਲ ਦੇਖ ਰਹੇ ਹਨ। ਪਰ ਤੁਸੀਂ ਲੋਕਾਂ ਦੀ ਸਥਿਤੀ ਨਾਲ ਮੇਰਾ ਹੌਸਲਾ ਵਧਿਆ ਹੈ। ਮੈਂ ਦੇਵੀ ਦੇਵਤਿਆਂ ਦੀ ਪੂਜਾ ਨਹੀਂ ਕਰਦਾ, ਮੂਰਤੀਆਂ ਵੀ ਨਹੀਂ ਰੱਖਦਾ। ਕਿਸੇ ਦੀ ਪਰਵਾਹ ਨਹੀਂ ਕਰਦਾ, ਸੜਨ ਵਾਲੇ ਹੋਰ ਸੜਨ। ਇਹ ਗੱਲ ਪੱਕੇ ਤੌਰ ਤੇ ਕਹਿੰਦਾ ਹਾਂ ਕਿ ਜਿਸ ਦਿਨ ਗਾਂਧੀ ਮੈਦਾਨ ਵਿਚ ਤੁਸੀਂ ਲੋਕ ਚਾਰ ਲੱਖ ਦੀ ਗਿਣਤੀ ਵਿਚ ਜੁਟ ਜਾਓਗੇ, ਉਸ ਦਿਨ ਸਾਰਾ ਬਿਹਾਰ ਤੁਹਾਡਾ ਹੋਵੇਗਾ। ਸਿਰਫ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦਾ ਨਾਅਰਾ ਲਗਾਉਣ ਨਾਲ ਕੁਝ ਨਹੀਂ ਹੋਵੇਗਾ। ਸਥਿਤੀ ਬਦਲਣ ਦੇ ਲਈ ਦਲਿਤ, ਮਹਾਂਦਲਿਤ, ਅਤੀ ਪੱਛੜੇ ਅਤੇ ਅਕਲੀਅਤ ਫਿਰਕੇ ਇਕ ਹੋ ਕੇ ਰਾਜਨੀਤੀ ਵਿਚ ਪਕੜ ਬਣਾਉਣ, ਤਾਂ ਹੀ ਤੁਹਾਡਾ ਸ਼ਾਸਨ ਹੋਵੇਗਾ।

### ਫੇਸਬੁੱਕ ਤੇ ਮਾਂਝੀ ਦੀ ਜੈ-ਜੈ ਕਾਰ

ਮੂਲ ਨਿਵਾਸੀ ਦੇ ਮੁੱਦੇ ਤੇ ਮਾਂਝੀ ਦੇ ਬੇਬਾਕ ਬਿਆਨ ਕਾਰਨ ਸੋਸ਼ਲ ਮੀਡੀਆ ਤੇ ਜ਼ਬਰਦਸਤ ਸਮਰਥਨ ਮਿਲ ਰਿਹਾ ਹੈ। ਦੇਸ਼ ਅਤੇ ਵਿਦੇਸ਼ਾਂ ਵਿਚ ਰਹਿ ਰਹੇ ਮੂਲ ਨਿਵਾਸੀ ਭਾਰਤੀ ਮਾਂਝੀ ਦਾ ਖੁੱਲ੍ਹ ਕੇ ਸਾਥ ਦੇ ਰਹੇ ਹਨ। ਫੇਸਬੁੱਕ, ਟਵੀਟਰ ਅਤੇ ਵਾਟਸਅਪ ਵਰਗੇ ਸੋਸ਼ਲ ਨੈਟਵਰਕ ਸਾਈਟਸ ਤੇ ਮਾਂਝੀ ਦੇ ਬਿਆਨ ਵਾਲੇ ਵੀਡੀਓ, ਪੋਸਟਰ ਅਤੇ ਅਖ਼ਬਾਰ ਦੇ ਸਕਰੀਨ ਸ਼ਾਟਸ ਦੇਸ਼-ਵਿਦੇਸ਼ ਵਿਚ ਵਾਇਰਲ ਹੋ ਗਏ ਹਨ।

ਮੰਨੇ ਪ੍ਰਮੰਨੇ ਪੱਤਰਕਾਰ ਦਲੀਪ ਮੰਡਲ ਵੀ ਫੇਸਬੁੱਕ ਤੇ ਮਾਂਝੀ ਦੇ ਸਮਰਥਨ ਵਿਚ ਆ ਗਏ। ਉਹਨਾਂ ਨੇ ਲਿਖਿਆ ਕਿ ਬਾਲ ਗੰਗਾਧਰ ਤਿਲਕ ਅਤੇ ਜਵਾਹਰ ਲਾਲ ਨਹਿਰੂ ਆਪਣੀਆਂ-ਆਪਣੀਆਂ ਕਿਤਾਬਾਂ ਵਿਚ ਇਸ ਗੱਲ ਦਾ ਜ਼ਿਕਰ ਕਰ ਚੁੱਕੇ ਹਨ। ਮਾਂਝੀ ਜੀ ਨੇ ਨਵਾਂ ਕੁਝ ਨਹੀਂ ਕਿਹਾ।

## ਨਵਾਂਗਰਾਂ- ਕੁੱਲਪੁਰ ਹਸਪਤਾਲ ਵਿਚ ਸੰਘਾ ਪਰਿਵਾਰ ਨੇ ਇਕ ਕਮਰੇ ਦੀ ਸੇਵਾ ਕੀਤੀ

ਸੜੋਆ– ਸਤਨਾਮ ਸਿੰਘ ਸਹੂੰਗੜਾ– ਬਲਾਕ ਸੜੋਆ ਦੇ ਪਿੰਡ ਕੁੱਲਪੁਰ ਨਵਾਂਗਰਾਂ ਵਿਚ ਗੁਰੂ ਤੇਗ ਬਹਾਦਰ ਸਾਹਿਬ ਮਾਰਗ ਤੇ ਸਥਿਤ ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਚੈਰੀਟੇਬਲ ਹਸਪਤਾਲ ਨਵਾਂਗਰਾਂ ਕੁੱਲਪੁਰ ਨੂੰ ਗਰੀਬ ਮਰੀਜ਼ਾਂ ਨੂੰ ਸਹੂਲਤਾਂ ਦੇ ਰਹੇ ਇਸ ਹਸਪਤਾਲ ਨੂੰ ਰਾਜਿੰਦਰ ਸਿੰਘ ਸੰਘਾ ਅਤੇ ਬੀਬ ਗੁਰਮੀਤ ਕੌਰ ਪਿੰਡ ਆਲੋਵਾਲ ਵੱਲੋਂ ਢਾਈ ਲੱਖ ਰੁਪਏ ਨਾਲ ਇਕ ਕਮਰੇ ਦੀ ਸੇਵਾ ਕਰਕੇ ਮਾਣ ਪ੍ਰਾਪਤ ਕੀਤਾ। ਸ: ਰਾਜਿੰਦਰ ਸਿੰਘ ਪੁਰਾਣੇ ਲੰਮੇ ਸਮੇਂ ਤੋਂ ਬਾਬਾ ਬੁੱਧ ਸਿੰਘ ਵੱਲੋਂ ਕੀਤੇ ਜਾ ਰਹੇ ਭਲਾਈ ਕਾਰਜਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਅਤੇ ਮੋਢੇ ਨਾਲ ਮੋਢਾ ਜੋੜ ਕੇ ਚਲਦੇ ਆ ਰਹੇ ਹਨ। ਰਾਜਿੰਦਰ ਸਿੰਘ ਵੱਲੋਂ ਹਰ ਵੇਲੇ ਵਿਸ਼ੇਸ਼ ਰੂਪ ਨਾਲ ਕਿਸੇ ਨਾ ਕਿਸੇ ਤਰੀਕੇ ਭਲਾਈ ਕਾਰਜਾਂ ਵਿਚ ਸਹਿਯੋਗ ਦੇ ਕੇ ਆਪਣੀ ਹਾਜ਼ਰੀ ਦਰਜ ਕਰਵਾਈ ਜਾਂਦੀ ਰਹੀ ਹੈ।

ਰਾਜਿੰਦਰ ਸਿੰਘ ਨੇ ਇਸ ਮੌਕੇ ਬਾਬਾ ਜੀ ਵੱਲੋਂ ਕੀਤੇ ਜਾਂਦੇ ਭਲਾਈ ਕੰਮਾਂ ਦੀ ਰੱਜ ਕੇ ਤਾਰੀਫ ਕੀਤੀ ਅਤੇ ਬਾਬਾ ਜੀ ਦੀ ਤੰਦਰੁਸਤੀ ਤੇ ਲੰਮੀ ਉਮਰ ਦੀ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਵੀ ਕੀਤੀ। ਉਹਨਾਂ ਦੱਸਿਆ ਕਿ ਇਸ ਟਰੱਸਟ ਵੱਲੋਂ 500 ਬਿਸਤਰਿਆਂ ਦੇ ਹਸਪਤਾਲ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਇਸ ਵੇਲੇ 30 ਬਿਸਤਰਿਆਂ ਦਾ ਮਲਟੀ ਸਪੈਸ਼ਲਿਟੀ ਹਸਪਤਾਲ ਟਰੱਸਟ ਵੱਲੋਂ ਚਲਾਇਆ ਜਾ ਰਿਹਾ ਹੈ। ਇਸ ਮੌਕੇ ਤੇ ਬਾਨੀ ਪ੍ਰਧਾਨ ਬਾਬਾ ਬੁੱਧ ਸਿੰਘ ਜੀ ਵੱਲੋਂ ਤੇ ਬੀਬ ਸੁਸ਼ੀਲ ਕੌਰ,ਬਲਵੀਰ ਸਿੰਘ ਬੈਂਸ ਤੇ ਰਘੁਬੀਰ ਸਿੰਘ ਬੈਂਸ ਵੱਲੋਂ ਰਾਜਿੰਦਰ ਸਿੰਘ ਸੰਘਾ ਤੇ ਬੀਬੀ ਗੁਰਮੀਤ ਕੌਰ ਸੰਘਾ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

## ਦਲਿਤ ਵਰਗ ਨਾਲ ਸਬੰਧਤ ਕਰਮਚਾਰੀਆਂ ਦੀ ਤਰੱਕੀ ਤੇ ਲੱਗੀ ਪਾਬੰਦੀ ਹਟੀ: ਡਾ.ਵੇਰਕਾ

### ਨੈਸ਼ਨਲ ਐਸ.ਸੀ.ਕਮਿਸ਼ਨ ਨੇ ਸੁਪਰੀਮ ਕੋਰਟ ਦੇ ਇਤਿਹਾਸਕ ਫੈਸਲੇ ਦਾ ਕੀਤਾ ਸਵਾਗਤ

ਜਲੰਧਰ– ਰਾਸ਼ਟਰੀ ਅਨੁਸੂਚਿਤਜਾਤੀ ਕਮਿਸ਼ਨ ਦੇ ਯਤਨਾਂ ਦੇ ਕਾਰਨ ਅੱਜ ਸੁਪਰੀਮ ਕੋਰਟ ਦੀ ਫੁੱਲ ਬੈਂਚ ਨੇ ਇਤਿਹਾਸਕ ਫੈਸਲਾ ਲਿਆ ਅਤੇ ਅਨੁਸੂਚਿਤ ਜਾਤੀ-ਜਨਜਾਤੀ ਦੇ ਕਰਮਚਾਰੀਆਂ ਦੀ ਤਰੱਕੀ ਤੇ ਲਗਾਈ ਗਈ ਪਾਬੰਦੀ ਨੂੰ ਹਟਾ ਦਿੱਤਾ।

ਕਮਿਸ਼ਨ ਦੇ ਕੌਮੀ ਉਪ ਪ੍ਰਧਾਨ ਡਾ. ਰਾਜਕੁਮਾਰ ਵੇਰਕਾ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕਰਦੇ ਹੋਏ ਇਸ ਫੈਸਲੇ ਨੂੰ ਇਤਿਹਾਸਕ ਕਰਾਰ ਦਿੱਤਾ। ਡਾ. ਵੇਰਕਾ ਨੇ ਦੱਸਿਆ ਕਿ ਹੁਣ ਦੇਸ਼ ਦੇ ਲੱਖਾਂ ਦਲਿਤ ਵਰਗ ਨਾਲ ਸਬੰਧਤ ਕਰਮਚਾਰੀ ਜਲਦੀ ਹੀ ਤਰੱਕੀ ਹਾਸਲ ਕਰਨਗੇ। ਉਹਨਾਂ ਨੇ ਦੱਸਿਆ ਕਿ ਇਸ ਫੈਸਲੇ ਦੇ ਆਉਣ ਤੋਂ ਬਾਅਦ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਕੇਂਦਰ ਸਰਕਾਰ ਦੀਆਂ ਸਾਰੀਆਂ ਯੂਨੀਅਨਾਂ, ਸੈਕਟਰੀਆਂ ਅਤੇ ਦੇਸ਼ ਦੇ ਸਾਰੇ ਰਾਜਾਂ ਦੇ ਚੀਫ ਸਕੱਤਰਾਂ ਨੂੰ ਨਿਰਦੇਸ਼ ਜਾਰੀ ਕਾਤ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਨੂੰ ਤੁਰੰਤ ਅਮਲਵਿਚ ਲਿਆਂਦਾ ਜਾਵੇ। ਡਾ. ਵੇਰਕਾ ਨੇ ਦੱਸਿਆ ਕਿ ਪੰਜਾਬ ਵਿਚ ਪਹਿਲਾਂ ਤੋਂ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਕਰਮਚਾਰੀ ਆਪਣੀ ਤਰੱਕੀ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ ਪਰ ਹੁਣ ਉਹਨਾਂ ਦੇ ਲਈ ਖੁਸ਼ੀ ਦੀ ਖਬਰ ਹੈ। ਡਾ. ਵੇਰਕਾ ਨੇ ਦੱਸਿਆ ਕਿ ਕਮਿਸ਼ਨ ਜਲਦੀ ਹੀ ਪੰਜਾਬ ਸਰਕਾਰ ਦੇ ਸਾਰੇ ਵਿਭਾਗਾਂ ਦਾ ਰਿਵਿਊ ਰੱਖਣ ਜਾ ਰਹੇ ਹਨ। ਉਹਨਾਂ ਨੇ ਚਿਤਾਵਨੀ ਦਿੱਤੀ ਕਿ ਜੋ ਵੀ ਅਧਿਕਾਰੀ ਇਸ ਰਿਜ਼ਰਵੇਸ਼ਨ ਦੀ ਨੀਤੀ ਦੀ ਉਲੰਘਣਾ ਕਰੇਗਾ ਅਤੇ ਇਸ ਤੇ ਅਮਲ ਨਹੀ ਕਰੇਗਾ ਤਾਂ ਉਸ ਤੇ ਕਮਿਸ਼ਨ ਸਖਤ ਕਾਰਵਾਈ ਕਰੇਗਾ।

## 15ਵਾਂ ਆਲ ਇੰਡੀਆ ਰਾਸ਼ਟਰੀ ਮਹਾਂ ਸੰਮੇਲਨ 20 ਤੋਂ 24 ਤੱਕ

ਸੜੋਆ (ਸਤਨਾਮ ਸਿੰਘ ਸਹੂੰਗੜਾ) ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ ਜੋ ਦੇਸ਼ ਭਰ ਦੇ ਮੁਲਾਜ਼ਮਾਂ ਦੇ ਸੰਗਠਨਾਂ ਦੀ ਪ੍ਰਤੀਨਿਧਤਾ ਕਰਦਾ ਹੈ, ਵੱਲੋਂ ਚਾਰ ਰੋਜ਼ਾ 16ਵਾਂ ਰਾਸ਼ਟਰੀ ਮਹਾਂ ਸੰਮੇਲਨ 20 ਤੋਂ 24 ਦਸੰਬਰ ਨੂੰ ਸੋਹੀ ਬੈਕੁੰਠ ਨਜ਼ਦੀਕ ਚੰਡੀਗੜ੍ਹ ਵਿਚ ਕਰਵਾਇਆ ਜਾ ਰਿਹਾ ਹੈ।

ਇਹ ਵਿਚਾਰ ਪ੍ਰੇਮ ਰੱਕੜ ਸੂਬਾ ਪ੍ਰਧਾਨ ਗੌਰਮਿੰਟ ਟੀਚਰ ਪੰਜਾਬ ਨੇ ਪ੍ਰਗਟ ਕਰਦਿਆਂ ਕਿਹਾ ਕਿ ਵੱਖ ਵੱਖ ਵਿਭਾਗ ਦੇ ਮੁਲਾਜ਼ਮ ਜਥੇਬੰਦੀਆਂ ਦੇ ਸਾਥੀਆਂ ਨਾਲ ਮਿਲ ਕੇ ਅਤੇ ਸੇਵਾ ਮੁਕਤ ਕਰਮਚਾਰੀਆਂ ਨਾਲ ਮਿਲ ਕੇ ਮਹਾਂ ਸੰਮੇਲਨ ਦੀ ਸਫਲਤਾ ਕੀਤੀ ਜਾਵੇਗੀ।

## 1971 ਦੀ ਜੰਗ- ਅੱਜ ਵੀ ਰੌਂਗਟੇ ਖੜ੍ਹੇ ਕਰਦੀਆਂ ਨੇ ਉਹ ਯਾਦਾਂ

ਫਾਜ਼ਿਲਕਾ : ਤਿੰਨ ਦਸੰਬਰ 1971 ਨੂੰ ਫਾਜ਼ਿਲਕਾ ’ਚ ਪਾਕਿ-ਸਤਾਨ ਤੇ ਭਾਰਤ ਵਿਚਾਲੇ ਹੋਈ ਜੰਗ ਅੱਜ ਵੀ ਜਦ ਲੋਕ ਯਾਦ ਕਰਦੇ ਨੇ ਤਾਂ ਰੌਂਗਟੇ ਖੜ੍ਹੇ ਹੋ ਜਾਂਦੇ ਨੇ। ਇਸ ਜੰਗ ’ਚ ਸੈਂਕੜੇ ਜਵਾਨ ਸ਼ਹੀਦ ਹੋ ਗਏ ਸਨ। 43 ਸਾਲ ਪਹਿਲਾਂ ਹੋਈ ਇਸ ਜੰਗ ਦਾ ਮੰਜ਼ਰ ਜਦ ਵੀ ਲੋਕਾਂ ਨੂੰ ਯਾਦ ਆਉਂਦਾ ਹੈ ਤਾਂ ਸਭ ਦੀਆਂ ਅੱਖਾਂ ’ਚੋਂ ਹੰਝੂ ਡਿੱਗਦੇ ਹਨ। ਪਾਕਿਸਤਾਨੀ ਫੌਜ ਨੇ ਫਾਜ਼ਿਲਕਾ ’ਚ ਜਦੋਂ ਹਮਲਾ ਕੀਤਾ ਸੀ ਤਾਂ ਦਰਜਨਾ ਪਿੰਡਾਂ ਨੂੰ ਘੇਰ ਲਿਆ ਤੇ ਉਨ੍ਹਾਂ ਦੇ ਰੇਂਜਰਸ ਨੇ ਲੋਕਾਂ ਨੂੰ ਬੰਦੀ ਬਣਾ ਲਿਆ ਸੀ। ਇਸ ਦੌਰਾਨ ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਉਨ੍ਹਾਂ ਦੀ ਸ਼ਹੀਦੀ ਸਮਾਰਕ ਵੀ ਬਣਾਈ ਗਈ, ਜਿਥੇ ਅੱਜ ਵੀ ਲੋਕ ਸ਼ਹੀਦ ਹੋਏ ਜਵਾਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਨੇ। ਜ਼ਿਕਰਯੋਗ ਹੈ ਕਿ ਇਸ ਜੰਗ ਦੌਰਾਨ ਫਾਜ਼ਿਲਕਾ ਖੇਤਰ ਨੂੰ ਬਹੁਤ ਹੀ ਨੁਕਸਾਨ ਹੋਇਆ ਸੀ। ਪਾਕਿ ਸੈਨਾ ਨਾਲ ਲੜਦੇ ਭਾਵੇਂ ਕਿੰਨੇ ਸਪੂਤ ਸ਼ਹੀਦ ਹੋਏ ਸਨ ਪਰ ਜਿੱਤ ਫਿਰ ਵੀ ਭਾਰਤ ਦੀ ਹੋਈ ਸੀ। ਇਨ੍ਹਾਂ ਸ਼ਹੀਦਾਂ ਦੇ ਹੌਂਸਲੇ, ਕੁਰਬਾਨੀ ’ਤੇ ਪੂਰੇ ਦੇਸ਼ ਨੂੰ ਮਾਣ ਹੈ।

## ਪੰਜਾਬ ਦੀ ਜਵਾਨੀ ਦੀ ਰੱਖਿਆ ਕਰੇਗਾ ਏਮਸ

ਚੰਡੀਗੜ੍ਹ-ਪੰਜਾਬ ’ਚ ਨਸ਼ੇ ਦਾ ਵਹਿ ਰਿਹਾ ਛੇਵਾਂ ਦਰਿਆ ਇੱਥੋਂ ਦੀ ਜਵਾਨ ਨੂੰ ਤਾਂ ਡੁਬੋ ਹੀ ਰਿਹਾ ਹੈ, ਹੁਣ ਇਹ ਦਰਿਆ ਇੱਥੋਂ ਦੇ ਬਚਪਨੇ ਨੂੰ ਵੀ ਆਪਣੇ ਨਾਲ ਰੋੜ੍ਹਨ ਲੱਗ ਪਿਆ ਹੈ। ਇਸ ਵੱਲ ਧਿਆਨ ਦਿੰਦੇ ਹੋਏ ਕੇਂਦਰ ਸਰਕਾਰ ਨੇ ਹੁਣ ਇਸ ਵੱਲ ਕਦਮ ਵਧਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਲਈ ਸਮਾਜਿਕ ਨਿਆ ਮੰਤਰਾਲੇ ਨੇ ਭਾਰਤ ਦੇ ਮੁੱਖ ਖੋਜ ਕੇਂਦਰ ਏਮਸ ਨੂੰ ਆਦੇਸ਼ ਦਿੱਤੇ ਹਨ ਕਿ ਸਰਹੱਦੀ ਸੂਬੇ ’ਤੇ ਨਸ਼ਾ ਕਰਨ ਵਾਲਿਆਂ ’ਤੇ ਇਕ ਸੁਤੰਤਰ ਸਰਵੇਖਣ ਕਰੇ।


Mikasa HOMES & FUNDING

Rakesh Chander

Mikasa Homes & Funding
1601 S. De Anza Blvd, Suite 118
Cupertino, CA 95014



Rakesh Chander
Realtor

Cell: (916) 698-3808
Fax: (916) 725-5812

Mikasa Homes & Funding
DRE Lic.: 01866732

Email: mchander@comcast.net, Web: www.mikasafunding.com

# ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋ ਕਾਜਲਮਾਜੂਰੇ (ਕਰੇਮੋਨਾ) ਚ ਕਰਵਾਇਆ ਗਿਆ ਵਿਸ਼ਾਲ ਸਭਿਆਚਾਰਕ ਮੇਲਾ ਸ਼ਾਨੋ -ਸ਼ੌਕਤ ਨਾਲ ਸੰਪੰਨ

**ਰੋਮ (ਇਟਲੀ) (ਟੇਕ ਚੰਦ ਜਗਤਪੁਰ )-** ਵਿਦੇਸ਼ਾਂ ਚ ਕਰਵਾਏ ਜਾਂਦੇ ਸਭਿਆਚਾਰਕ ਮੇਲੇ ਜਿਥੇ ਪੰਜਾਬੀ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਚ ਅਹਿਮ ਯੋਗਦਾਨ ਪਾਉਦੇ ਹਨ ਉਥੇ ਆਪਸੀ ਮੋਹ, ਮਹੁੱਬਤ, ਪਿਆਰ ਅਤੇ ਭਾਈਚਾਰਕ ਸਾਂਝ ਨੂੰ ਵੀ ਵਧਾਉਦੇ ਹਨ। ਇਸੇ ਲੜੀ ਦੇ ਤਹਿਤ ਸਮਾਜ ਦੇ ਹਰ ਪਹਿਲੂ ਤੋ ਸੇਵਾ ਹਿੱਤ ਸਮਰਪਿਤ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋ ਇਟਲੀ ਦੇ ਜਿਲਾ ਕਰੇਮੋਨਾ ਦੇ ਕਸਬਾ ਕਾਜਲ ਮਾਜੂਰੇ ਵਿਖੇ ਟਰੱਸਟ ਦੇ ਪ੍ਰਧਾਨ ਟੇਕ ਚੰਦ ਜਗਤੁਪਰ, ਹਰਦੀਪ ਸਿੰਘ ਕੰਗ ਪ੍ਰੈਸ ਸਕੱਤਰ, ਗੀਤਕਾਰ ਰਣਜੀਤ ਸਿੰਘ ਗਰੇਵਾਲ, ਹਰਦੀਪ ਸਿੰਘ ਗਿੱਲ ਮੱਖ ਸਕੱਤਰ, ਸ ਸਰਬਜੀਤ ਸਿੰਘ ਜਗਤਪੁਰ, ਸ੍ਰੀ ਸੰਜੀਵ ਕੁਮਾਰ ਟਿੱਲੂਵਾਲੀਆ ਮੀਤ ਪ੍ਰਧਾਨ,, ਸ ਕੁਲਵਿੰਦਰ ਸਿੰਘ ਅਟਵਾਲ, ਜੈਲਦਾਰ ਸੁਰਿੰਦਰ ਸਿੰਘ ਚੈੜੀਆਂ ,ਗੁਰਦੀਪ ਸਿੰਘ ਰੁੜਕੀ, ਗੁਰਿੰਦਰ ਸਿੰਘ ਚੈੜੀਆਂ, ਸ ਨਿਰਮਲ ਸਿੰਘ ਖਹਿਰਾ,ਐਸ ਐਸ ਫਰਾਲਵੀ, ਜੱਸੀ ਬਨਵੈਤ, ਸਿਮਰਨ ਹੰਸ, ਯੋਧਾ ਚੱਕ ਚਲਿਆਂ ਵਾਲਾ। ਸੁਰਿੰਦਰ ਭਟਨਾਗਰ ਦੇ ਸਹਿਯੋਗ ਨਾਲ ਆਯੋਜਿਤ ਵਿਸ਼ਾਲ ਸਭਿਆਚਾਰਕ ਮੇਲਾ ਸ਼ਾਨੋ-ਸ਼ੌਕਤ ਨਾਲ ਪੰਜਾਬੀ ਵਿਰਸੇ ਦੀਆਂ ਬਾਤਾਂ ਅਤੇ ਸਰੋਤਿਆ ਦੇ ਦਿਲਾਂ ਤੇ ਅਮਿੱਟ ਵਿਲੱਖਣ ਸੰਦਲੀ ਪੈੜ੍ਹਾਂ ਪਾਉਦਾ ਹੋਇਆ ਯਾਦਗਾਰੀ ਹੋ ਨਿਬੜਿਆ। ਇਸ ਮੇਲੇ



ਦਾ ਉਦਘਾਟਨ ਸ ਅਵਤਾਰ ਸਿੰਘ ਖਾਲਸਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਯੂਥ ਵਿੰਗ ਇਟਲੀ ਨੇ ਕੀਤਾ ਇਸ ਮੇਲੇ ਚ ਸ ਸੁਰਜੀਤ ਸਿੰਘ ਜੌਹਲ ਨੇ ਬੈਰਗਾਮੋ ਤੋ ਕਾਫਲੇ ਸਮੇਤ ਉਚੇਚੇ ਤੌਰ ਤੇ ਸ਼ਿਰਕਤ ਕੀਤੀ। ਮੇਲੇ ਦਾ ਅਗਾਜ ਗਾਇਕ ਸੈਮ ਸੰਨੀ ਨੇ ਧਾਰਮਿਕ ਗੀਤ ਨਾਲ ਕੀਤਾ। ਉਪਰੰਤ ਕੁਲਵਿੰਦਰ ਸੁੰਨੜ, ਪੰਮਾ ਲਧਾਣਾ, ਬੱਬੂ ਜਲੰਧਰੀਆਂ ਅਤੇ ਹੈਪੀ ਲੈਰਾ ਨੇ ਹਾਜਰੀ ਲਗਵਾਈ।

ਉਪਰੰਤ ਪੈਰਿਸ ਤੋ ਵਿਸ਼ੇਸ਼ ਤੌਰ ਤੇ ਪਹੁੰਚੇ ਮਾਣਮੱਤੇ ਗਾਇਕ ਪਵਿੱਤਰ ਖਿਆੜਾ ਨੇ ਸੂਫੀਆਨਾ ਗੀਤ "ਛੱਡ ਜੋਗੀਆ ਵੇ ਕੰਨੀ ਕੱਚ ਦੀਆਂ ਮੁੰਦਰਾਂ"ਗਾ ਕੇ ਸਰੋਤਿਆਂ ਦੇ ਦਿਲਾਂ ਤੇ ਗਹਿਰੀ ਛਾਪ ਛੱਡੀ। ਪੰਜਾਬ ਤੋ ਉਚੇਚੇ ਤੌਰ ਤੇ ਪਹੁੰਚੇ ਅਤੇ"ਰੰਗਲੇ ਦੁਪੱਟੇ "ਐਲਬਮ ਨਾਲ ਚਰਚਾ ਚ ਆਏ ਗਾਇਕ ਹਰਪ੍ਰੀਤ ਮਾਗਟ ਨੇ "ਤਾਹੀਓ ਚੜਦੀ ਕਲਾ ਚ ਰਹਿੰਦਾ ਜੱਟ ਬਈ," ਰੰਗਲੇ ਦੁਪੱਟੇ "ਅਤੇ ਨੀਲੀਆਂ ਅੱਖਾਂ ਨਾਲ ਆਦਿ ਗੀਤ ਗਾ ਕੇ ਸਰੋਤਿਆਂ, ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕੀਤਾ।" ਗਾਇਕ ਹੈਪੀ ਲੈਰਾ ਚਰਚਿਤ ਗੀਤ ਗਾ ਕੇ ਮੇਲੇ ਚ ਚੰਗਾ ਰੰਗ ਬੰਨਿਆ ਅਤੇ ਹੋਰ ਹਿੱਟ ਗੀਤਾਂ ਨਾਲ ਮੇਲੇ ਨੂੰ ਸਿੱਖਰਾਂ ਤੇ ਪਹੁੰਚਾਇਆ।

ਸਾਫ -ਸੁਥਰੇ, ਪਰਿਵਾਰਕ ਰਿਸ਼ਤਿਆਂ ਦੀ ਸਹੀ ਤਰਜਮਾਨੀ ਕਰਦੇ ਅਤੇ ਸਮਾਜ ਨੂੰ ਉਸਾਰੂ ਸੇਧ ਦੇਣ ਵਾਲੇ ਗੀਤਾਂ ਨਾਲ ਚਰਚਿਤ ਗਾਇਕ ਪਾਲੀ ਦੇਤਵਾਲੀਆ ਅਤੇ ਸਿਮਰਨ ਸਿੰਮੀ ਨੇ ਸਟੇਜ ਤੇ ਆਉਦਿਆ ਹੀ " ਭੈਣਾਂ ਮੰਗਦੀਆਂ ਰੱਬ ਤੋਂ ਦੁਆਵਾਂ ਵੀਰ ਮੇਰੇ ਰਹਿਣ ਵਸਦੇ," ਪੁੱਤਾਂ ਤਾਈ ਜਿਉਣ ਜੋਗੇ ਕਹਿਣ ਵਾਲਿਓ ਕਿਤੇ ਧੀਆਂ ਨੂੰ ਵੀ ਕਿਹਾ ਕਰੋ ਜਿਉਣ ਜੋਗੀਆਂ ", ਮੇਲਾ ਤੇਰੇ ਨਾਂਅ ਬੱਲੀਏ", ਪੈਨਸ਼ਨ ਲੱਗ ਗਈ ਬੇਬੇ ਦੀ, ਲੰਡਨ ਦੀ ਗੋਰੀ ਆਦਿ ਗੀਤਾਂ ਨਾਲ ਆਪਣੀ ਗਾਇਕੀ ਦੀ ਧਾਕ ਜਮਾਈ।

ਅੰਤ ਚ ਗਾਇਕਾਂ ਨੇ ਬੋਲੀਆਂ ਪਾ ਕੇ ਮੇਲੇ ਦੀ ਸਮਾਪਤੀ ਕੀਤੀ। ਮੇਲਾ ਪ੍ਰਬੰਧਕਾਂ ਵਲੋ ਆਈਆਂ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨ ਕੀਤਾ।

## ਗੁਰੂ ਨਾਨਕ ਕਾਲਜ ਫਾਰ ਵਿਮਨ ਬੰਗਾ ਵਲੋ ਜੰਮੂ-ਕਸ਼ਮੀਰ ਦੇ ਦੁਖਾਂਤ ਲਈ ਮਦਦ

**ਮੁਕੰਦਪੁਰ- (ਰੇਸ਼ਮ ਕਰਨਾਣਵੀ)** ਗੁਰੁ ਨਾਨਕ ਕਾਲਜ ਫਾਰ ਵਿਮਨ ਬੰਗਾ ਕਾਲਜ ਦੀਆਂ ਵਿਦਿਆਰਥਣਾਂ ਸਿਰਫ ਧਾਰਮਿਕ ਅਕਾਦਮਿਕ, ਖੇਡਾਂ ਜਾਂ ਸਭਿਆਚਾਰਕ ਗਤੀਵਿਧਆਂ ਵਿੱਚ ਹੀ ਅੱਗੇ ਨਹੀਂ ਰਹਿੰਦੀਆਂ ਬਲਕਿ ਲੋੜਵੰਦਾਂ ਦੀ ਮੱਦਦ ਕਰਨ ਵਿਚ ਵੀ ਮੋਹਰੀ ਹਨ। ਕਿਸੇ ਵੀ ਤਰਾਂ ਦੀ ਕੋਈ ਵੀ ਆਫਤ ਹੋਵੇ ਜਾਂ ਜੰਮੂ-ਕਸ਼ਮੀਰ ਦਾ ਦੁਖਾਂਤ ਹੋਵੇ, ਇਸ ਕਾਲਜ ਦੀਆਂ ਵਿਦਿਆਰਥਣਾਂ ਅਹਿਮ ਭੂਮਿਕਾ ਨਿਭਾਉਦੀਆਂ ਹਨ। ਜੰਮੂ-ਕਸ਼ਮੀਰ ਦੇ ਦੁਖਾਂਤ ਲਈ ਫੰਡ ਇੱਕਠਾ ਕਰਨ ਵਿੱਚ ਕਾਮਰਸ ਵਿਭਾਗ ਦੀਆਂ ਵਿਦਿਆਰਥਣਾਂ ਅਤੇ ਸਟਾਫ ਦਾ ਵਿਸ਼ੇਸ਼ ਯੋਗਦਾਨ ਰਿਹਾ। ਉਹਨਾਂ ਨੇ ਕਾਲਜ ਸਟਾਫ ਅਤੇ ਬਾਕੀ ਵਿਦਿਆਰਥਣਾਂ ਨਾਲ ਮਿਲ ਕੇ ਜੰਮੂ ਕਸ਼ਮੀਰ ਦੇ ਹੜ੍ਹ ਪੀੜਤਾਂ ਲਈ 91000/ ਦੀ ਰਾਸ਼ੀ ਇਕੱਠੀ ਕਰਕੇ ਜ਼ਿਲਾ ਨਵਾਂਸ਼ਹਿਰ ਦੇ ਡਿਪਟੀ ਕਮਿਸ਼ਨਰ ਅਨੰਦਿਤਾ ਮਿੱਤਰਾ ਨੂੰ ਪ੍ਰਧਾਨ ਮੰਤਰੀ ਰਾਹਤ ਕੋਸ਼ ਲਈ ਡਰਾਫਟ ਦਿੱਤਾ। ਇਸ ਸਮੇ ਬੰਗਾ ਦੇ ਐਸ. ਡੀ.ਐਮ ਅਰਵਿੰਦ ਕੁਮਾਰ ਵੀ ਹਾਜ਼ਰ ਸਨ। ਇਹ ਡਰਾਫਟ ਕਾਲਜ ਦੀ ਪ੍ਰਿੰਸੀਪਲ ਡਾ. ਕੰਵਲਜੀਤ ਛੀਨਾ ਦੀ ਅਗਵਾਈ ਹੇਠ ਡੀ.ਸੀ. ਦਫਤਰ ਵਿੱਚ ਕਾਲਜ ਸਟਾਫ ਵਲੋ ਦਿੱਤਾ ਗਿਆ, ਜਿਸ ਤੇ ਜ਼ਿਲ੍ਹਾ ਨਵਾਂਸਹਿਰ ਦੀ ਡੀ.ਸੀ. ਨੇ ਬਹੁਤ ਪ੍ਰਸ਼ੰਸਾ ਕੀਤੀ ਤੇ ਇਹੋ ਜਿਹੇ ਕਾਰਜਾਂ ਲਈ ਹੋਰ ਅੱਗੇ ਆਉਣ ਲਈ ਪ੍ਰੇਰਿਆ।ਇਸ ਮੌਕੇ ਬੰਗਾ ਕਾਲਜ ਦੇ ਪ੍ਰੰਬਧਕ ਕਮੇਟੀ ਦੇ ਪ੍ਰਧਾਨ ਸ਼੍ਰੀਮਤੀ ਜਸਵੰਤ ਕੌਰ ਚੌਧਰੀ ਨੇ ਵੀ ਵਿਦਿਆਰਥਣਾਂ ਦੀ ਸ਼ਲਾਘਾ ਕੀਤੀ।



ਵਰਣਨਯੋਗ ਹੈ ਕਿ ਇਸੇ ਕਾਲਜ ਦੀ ਵਿਦਿਆਰਥਣ ਮਨੀਸ਼ਾ ਨੂੰ ਉਸ ਦੀ ਬਿਮਾਰੀ ਦੇ ਇਲਾਜ ਲਈ ਵੀ 50,000/ ਦੀ ਮਦਦ ਦਿੱਤੀ ਜਾ ਚੁੱਕੀ ਹੈ।

## ਚਿਟਫੰਡ ਕੰਪਨੀਆਂ ਵੱਲੋਂ ਨਿਜੀ ਮੀਡੀਆ ਰਾਹੀ ਝੂਠਾ ਪਚਾਰ ਕਰਕੇ ਜੋ ਰੋਜ ਅਰਬਾਂ ਰੁਪਏ ਲੁੱਟ ਕਰਕੇ ਭੱਜਿਆ ਜਾ ਰਿਹਾ ਹੈ ਇਸ ਨੂੰ ਸਰਕਾਰ ਰੋਕੇ

ਚਿਟਫੰਡ ਕੰਪਨੀਆਂ ਆਏ ਦਿਨ ਲੱਖਾਂ ਕਰੋੜਾਂ ਲੋਕਾਂ ਦੇ ਪੈਸੇ ਲੈ ਕੇ ਰਫੂਚੱਕਰ ਹੋ ਰਹੀਆਂ ਹਨ ਅਤੇ ਜੋ ਚਿਟਫੰਡ ਕੰਪਨੀਆਂ ਭੱਜ ਰਹੀਆਂ ਹਨ ਉਹਨਾਂ ਵਿੱਚੋਂ ਕਈਆਂ ਦੇ ਆਪਣੇ ਚੈਨਲ ਅਤੇ ਅੱਖਵਾਰ ਵੀ ਚੱਲ ਰਹੇ ਸਨ। ਇੱਥੇ ਵੱਡਾ ਸਵਾਲ ਇਹ ਖੜਾ ਹੁੰਦਾ ਹੈ ਕਿ ਸਰਕਾਰੀ ਤੰਤਰ ਚਿਟਫੰਡ ਕੰਪਨੀਆਂ ਤੋਂ ਆਮ ਲੋਕਾਂ ਦੀ ਲੁੱਟ ਨੂੰ ਤਾਂ ਰੋਕ ਨਹੀਂ ਪਾਉਂਦਾ ਉਲਟਾ ਅਖਬਾਰਾਂ ਅਤੇ ਚੈਨਲ ਦੇ ਲਾਇਸੇਂਸ ਦੇ ਕੇ ਉਹਨਾਂ ਨੂੰ ਆਪਣੇ ਝੁਠੇ ਪ੍ਰਚਾਰ ਰਾਹੀਂ ਜਨਤਾ ਤੋਂ ਜਲਦੀ ਤੋਂ ਜਲਦੀ ਪੈਸਾ ਇੱਕਠਾ ਕਰਕੇ ਰਫੂਚੱਕਰ ਹੋਣ ਲਈ ਪਲੇਟਫਾਰਮ ਉਪਲੱਬਧ ਕਰਵਾ ਦਿੰਦਾ ਹੈ।

ਇਹਨਾਂ ਚਿਟਫੰਡ ਕੰਪਨੀਆ ਵੱਲੋਂ ਮੀਡੀਆ ਗਰੁਪ ਇਸ ਲਈ ਖੜੇ ਕੀਤੇ ਜਾਂਦੇ ਹਨ ਤਾਂ ਜੋ ਆਪਣੀਆਂ ਕੰਪਨੀਆ ਦੇ ਹੱਕ ਦਾ ਪ੍ਰਚਾਰ ਕਰਕੇ ਲੋਕਾਂ ਤੋ ਜਿਆਦਾ ਤੋਂ ਜਿਆਦਾ ਪੈਸਾ ਇੱਕਠਾ ਕੀਤਾ ਜਾ ਸਕੇ ਅਤੇ ਮੀਡੀਆ ਰਾਹੀਂ ਸਰਕਾਰੀ ਤੰਤਰ ਤੇ ਵੀ ਆਪਣਾ ਦਬਾਅ ਪਾਇਆ ਜਾ ਸਕੇ। ਚਿਟਫੰਡ ਕੰਪਨੀਆਂ ਦੇ ਧੋਖੇ ਦਾ ਕਾਰੋਬਾਰ ਕੋਈ ਨਵਾਂ ਨਹੀਂ ਪਰ ਸਰਕਾਰੀ ਤੰਤਰ ਨਾ ਤਾਂ ਚਿਟਫੰਡ ਕੰਪਨੀਆਂ ਦੀ ਲੂੱਟ ਨੂੰ ਰੋਕ ਪਾਇਆ ਅਤੇ ਨਾ ਹੀ ਲੱਖਾਂ ਲੋਕ ਜੋ ਇਹਨਾਂ ਚਿਟਫੰਡ ਕੰਪਨੀਆਂ ਦੀ ਲੂੱਟ ਦਾ ਸ਼ਿਕਾਰ ਹੋ ਰਹੇ ਹਨ ਉਹਨਾਂ ਨੂੰ ਜਾਗਰੁੱਕ ਕਰ ਪਾਇਆ। ਪਰ ਸਰਕਾਰੀ ਤੰਤਰ ਉਦੋਂ ਹੀ ਜਾਗਦਾ ਹੈ ਜਦੋਂ ਲੋਕਾਂ ਦਾ ਸਭ ਕੁੱਝ ਕੰਪਨੀਆਂ ਲੁੱਟ ਲੈਂਦੀਆਂ ਹਨ ਤੇ ਉਹ ਸੜਕ ਤੇ ਆ ਜਾਂਦੇ ਹਨ।

ਇਹਨਾਂ ਚਿਟਫੰਡ ਕੰਪਨੀਆਂ ਅਤੇ ਮੀਡੀਆ ਨੂੰ ਲਾਇਸੇਂਸ ਦੇਣ ਵਾਲੇ ਸਰਕਾਰੀ ਅਦਾਰੇ ਉਪਰ ਵੀ ਸਵਾਲ ਉਠਦਾ ਹੈ ਕਿ ਇਹਨਾਂ ਨੇ ਅਜਿਹੀਆਂ ਕੰਪਨੀਆਂ ਨੂੰ ਮੀਡੀਆ ਦਾ ਲਾਇਸੈਂਸ ਕੀ ਦੇਖ ਕੇ ਦਿੱਤਾ, ਜਿਹਨਾਂ ਨੇ ਝੂਠਾ ਪ੍ਰਚਾਰ ਕਰਕੇ ਦੋਨੀ ਹੱਥੀਂ ਲੋਕਾਂ ਦੀ ਲੁੱਟ ਕੀਤੀ। ਸ਼ਾਰਦਾ ਘੋਟਾਲੇ ਨਾਲ ਜਿੱਥੇ ਲੋਕਾਂ ਦੀ ਜਮਾਪੁੰਜੀ ਲੁੱਟੀ ਗਈ ਉਥੇ ਹੀ ਸਰਕਾਰੀ ਤੰਤਰ ਦੀ ਨਕਾਮੀ ਸਭ ਦੇ ਸਾਹਮਣੇ ਆਈ ਅਤੇ ਅਰਬਾਂ ਰੁਪਏ ਇੱਕ ਕੰਪਨੀ ਵੱਲੋਂ ਲੁੱਟ ਲਿਆ ਗਿਆ ਅਤੇ ਸਾਰਾ ਸਰਕਾਰੀ ਤੰਤਰ ਅਰਾਮ ਨਾਲ ਸੁੱਤਾ ਰਿਹਾ। ਸਰਕਾਰੀ ਤੰਤਰ ਉਦੋਂ ਜਾਗਿਆ ਜਦੋਂ ਗਰੀਬ ਅਤੇ ਆਮ ਲੋਕਾਂ ਦਾ ਜਿਆਦਾਤਰ ਪੈਸਾ ਲੁੱਟ ਲਿਆ ਗਿਆ।



ਅਕੇਸ਼ ਕੁਮਾਰ
98880-31426

ਉਦੋਂ ਸਰਕਾਰੀ ਤੰਤਰ ਹਰਕਤ ਵਿੱਚ ਆਇਆ ਜਦੋਂ ਲੱਖਾਂ ਲੋਕ ਸੜਕ ਤੇ ਆ ਗਏ ਪਰ ਸਰਕਰੀ ਤੰਤਰ ਨੇ ਇਸ ਤੋਂ ਵੀ ਕੁੱਝ ਸਬਕ ਨਹੀ ਲਿਆ ਅਤੇ ਹੋਰ ਸ਼ਹਿਰਾਂ ਵਿੱਚ ਅਜਿਹੀਆਂ ਕਿੰਨੀਆਂ ਹੀ ਅਣਗਿਣਤ ਚਿਟਫੰਡ ਕੰਪਨੀਆਂ ਚੱਲ ਰਹੀਆਂ ਹਨ ਜੋ ਰੋਜ ਲੋਕਾਂ ਨੂੰ ਸਕੀਮਾਂ ਦੇ ਫਾਇਦੇ ਦਿਖਾ ਕੇ ਲੁੱਟ ਰਹੀਆਂ ਹਨ।

ਪਰਲਜ, ਸਹਾਰਾ ਅਤੇ ਹੋਰ ਕਿੰਨੀਆਂ ਹੀ ਚਿਟਫੰਡ ਕੰਪਨੀਆਂ ਵਲੋਂ ਆਪਣੇ ਨਿਜੀ ਮੀਡੀਆ ਘਰਾਣੇ ਚਲਾਏ ਜਾ ਰਹੇ ਸਨ ਅਤੇ ਜਦੋਂ ਇਹ ਕੰਪਨੀਆਂ ਕਿਸੇ ਕਾਰਨ ਵੀ ਸਰਕਾਰੀ ਜਾਂਚ ਦੇ ਘੇਰੇ ਵਿੱਚ ਆਈਆਂ ਤਾਂ ਇਹਨਾਂ ਦੇ ਨਿਜੀ ਮੀਡੀਆ ਨੇ ਖੁੱਲ ਕੇ ਇਹਨਾਂ ਦੇ ਹੱਕ ਵਿੱਚ ਪ੍ਰਚਾਰ ਕੀਤਾ। ਇਸ ਤੋਂ ਇਹ ਵੀ ਜਾਹਿਰ ਹੁੰਦਾ ਹੈ ਕਿ ਕਿਸ ਤਰ੍ਹਾਂ ਇਹ ਕੰਪਨੀਆਂ ਮੀਡੀਆ ਨੂੰ ਜਰੀਆ ਬਣਾ ਕੇ ਲੋਕਾਂ ਦੇ ਹੱਕ ਹਲਾਲ ਦੀ ਕਮਾਈ ਨੂੰ ਲੁੱਟ ਰਹੀਆਂ ਹਨ।

ਪ੍ਰਧਾਨਮੰਤਰੀ ਨੂੰ ਇਹਨਾਂ ਚਿਟਫੰਡ ਕੰਪਨੀਆਂ ਅਤੇ ਮੀਡੀਆ ਪੋਲਸੀ ਨੂੰ ਆਪਣੇ ਹੱਥ ਵਿੱਚ ਲੈ ਕੇ ਫਿਰ ਤੋਂ ਵਿਚਾਰ ਕਰਨਾਂ ਚਾਹੀਦਾ ਹੈ ਤਾਂ ਜੋ ਆਮ ਲੋਕਾਂ ਦੇ ਹੱਕ ਹਲਾਲ ਦੀ ਕਮਾਈ ਇਹ ਚਿਟਫੰਡ ਕੰਪਨੀਆਂ ਨਾਂ ਲੁੱਟ ਸਕਣ।

## ਓਬਾਮਾ ਫਰਗਿਊਸਨ ਬਾਰੇ ਕੈਬਨਿਟ ਤੇ ਨੇਤਾਵਾਂ ਨਾਲ ਕਰਨਗੇ ਗੱਲ



**ਵਾਸ਼ਿੰਗਟਨ-** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਸੋਮਵਾਰ ਨੂੰ ਰਾਸ਼ਟਰਪਤੀ ਭਵਨ 'ਚ ਮਿਸੌਰੀ ਦੇ ਫਰਗਿਊਸਨ ਦੀ ਅਸ਼ਾਂਤ ਸਥਿਤੀ ਬਾਰੇ ਆਪਣੀ ਕੈਬਨਿਟ ਦੇ ਮੈਂਬਰਾਂ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਦੇ ਨੇਤਾਵਾਂ ਨਾਲ ਗੱਲਬਾਤ ਕਰਣਗੇ। ਯਾਦ ਰਹੇ ਕਿ ਫਰਗਿਊਸਨ 'ਚ ਮਹੀਨਿਆਂ ਪਹਿਲਾਂ ਇਕ ਪੁਲਸ ਅਧਿਕਾਰੀ ਵਲੋਂ ਇਕ ਕਾਲੇ ਨੌਜਵਾਨ ਨੂੰ ਗੋਲੀ ਮਾਰ ਦਿੱਤੀ ਗਈ ਸੀ ਅਤੇ ਉਸ ਤੋਂ ਬਾਅਦ ਗ੍ਰਾਂਡਜੂਰੀ ਵਲੋਂ ਇਸ ਅਧਿਕਾਰੀ ਨੂੰ ਦੋਸ਼ਮੁਕਤ ਕਰਾਰ ਦੇਣ ਦੇ ਫੈਸਲੇ ਤੋਂ ਬਾਅਦ ਪ੍ਰਦਰਸ਼ਨ ਸ਼ੁਰੂ ਹੋ ਗਿਆ ਅਤੇ ਕਾਨੂੰਨ ਵਿਵਸਥਾ ਲਈ ਵੱਡੀ ਸਮੱਸਿਆ ਪੈਦਾ ਹੋ ਗਈ। ਸਥਿਤੀ ਨੂੰ ਸੰਭਾਲਣ ਲਈ ਉਥੇ ਹੋਰ ਸੁਰੱਖਿਆ ਗਾਰਡ ਭੇਜੇ ਗਏ। ਇਸ ਸਬੰਧਿਤ ਪੁਲਸ ਅਧਿਕਾਰੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਕੈਬਨਿਟ ਦੀ ਮੀਟਿੰਗ ਓਬਾਮਾ ਦੇ ਅਗਸਤ ਦੇ ਸੰਘੀ ਪ੍ਰੋਗਰਾਮ ਦੇ ਹੁਕਮ 'ਤੇ ਅਮਲ ਦੇ ਪ੍ਰਸ਼ਨ 'ਤੇ ਵਿਚਾਰ ਕੀਤਾ ਜਾਣ ਵਾਲਾ ਹੈ। ਓਬਾਮਾ ਚੋਣ ਅਧਿਕਾਰੀਆਂ, ਮਨੁੱਖੀ ਅਧਿਕਾਰ ਸੰਗਠਨਾਂ ਦੇ ਨੇਤਾਵਾਂ ਅਤੇ ਅਮਨ ਵਿਵਸਥਾ ਦਾ ਪਾਲਨ ਕਰਵਾਉਣ ਵਾਲੇ ਅਧਿਕਾਰੀਆਂ ਨਾਲ ਵੀ ਮਿਲਣ ਵਾਲੇ ਹਨ।

## ਰੋਹਤਕ ਛੇੜਛਾੜ ਮਾਮਲਾ- ਕੋਰਟ ਨੇ ਦੋਸ਼ੀਆਂ ਨੂੰ 6 ਦਸੰਬਰ ਤੱਕ ਜੇਲ ਭੇਜਿਆ

**ਰੋਹਤਕ-** ਮੀਡੀਆ 'ਚ ਖਬਰਾਂ ਦਿਖਾਏ ਜਾਣ ਤੋਂ ਬਾਅਦ ਆਖਰਕਾਰ ਹਰਿਆਣਾ ਪੁਲਸ ਹਰਕਤ 'ਚ ਆਈ ਅਤੇ ਚੱਲਦੀ ਬੱਸ 'ਚ 2 ਵਿਦਿਆਰਥਣਾਂ ਨਾਲ ਛੇੜਛਾੜ ਅਤੇ ਕੁੱਟਮਾਰ ਕਰਨ ਵਾਲੇ ਤਿੰਨਾਂ ਦੋਸ਼ੀਆਂ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਜਿਨ੍ਹਾਂ ਨੂੰ ਸੋਮਵਾਰ ਨੂੰ ਅਦਾਲਤ 'ਚ ਪੇਸ਼ ਕੀਤਾ ਗਿਆ। ਰੋਹਤਕ ਛੇੜਛਾੜ ਮਾਮਲੇ 'ਚ ਤਿੰਨਾਂ ਦੋਸ਼ੀਆਂ ਨੂੰ ਜ਼ਿਲਾ ਕੋਰਟ ਨੇ 6 ਦਸੰਬਰ ਤੱਕ ਜੇਲ ਭੇਜ ਦਿੱਤਾ ਹੈ। ਸਦਰ ਥਾਣਾ ਇੰਚਾਰਜ ਗਜੇਂਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ 'ਚ ਉਨ੍ਹਾਂ ਨੇ ਜਾਂਚ ਕਰਨ ਤੋਂ ਬਾਅਦ ਮੁੱਖ ਦੋਸ਼ੀ ਕੁਲਦੀਪ, ਮੋਹਿਤ ਅਤੇ ਦੀਪਕ ਨੂੰ ਗ੍ਰਿਫਤਾਰ ਕੀਤਾ। ਥਾਣਾ ਇੰਚਾਰਜ ਨੇ ਦੱਸਿਆ ਕਿ ਤਿੰਨੋਂ ਆਸਨ ਪਿੰਡ ਦੇ ਰਹਿਣ ਵਾਲੇ ਹਨ। ਪੁਲਸ 'ਤੇ ਕਾਰਵਾਈ 'ਚ ਦੇਰੀ ਦੇ ਦੋਸ਼ ਨੂੰ ਐਸ. ਐਚ. ਓ. ਨੇ ਸਿਰੇ ਤੋਂ ਨਕਾਰ ਦਿੱਤਾ ਅਤੇ ਕਿਹਾ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਸੀ ਅਤੇ ਜਿਸ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ ਹੈ। ਉੱਥੇ ਹੀ ਦੋਸ਼ੀਆਂ ਦਾ ਵੀ ਇਹੀ ਕਹਿਣਾ ਹੈ ਕਿ ਜੋ ਉਨ੍ਹਾਂ 'ਤੇ ਦੋਸ਼ ਲਗਾਏ ਜਾ ਰਹੇ ਹਨ ਉਹ ਨਿਰਾਧਾਰ ਹਨ ਅਤੇ ਉਨ੍ਹਾਂ ਨੇ ਲੜਕੀਆਂ ਨਾਲ ਕੋਈ ਛੇੜਛਾੜ ਨਹੀਂ ਕੀਤੀ। ਜ਼ਿਕਰਯੋਗ ਹੈ ਕਿ ਸੋਨੀਪਤ ਜ਼ਿਲੇ ਦੇ ਥਾਣਾ ਪਿੰਡ ਦੀ ਰਹਿਣ ਵਾਲੀਆਂ 2 ਸਕੀਆਂ ਭੈਣਾਂ ਪੂਜਾ ਅਤੇ ਆਰਤੀ ਸ਼ੁੱਰਕਵਾਰ ਨੂੰ ਰੋਹਤਕ ਦੇ ਆਈ. ਸੀ. ਕਾਲਜ ਤੋਂ ਆਪਣਾ ਬੀ. ਸੀ. ਏ. ਫਾਈਨਲ ਈਅਰ ਦਾ ਰੋਲ ਨੰਬਰ ਲੈ ਕੇ ਆਪਣੇ ਪਿੰਡ ਜਾਣ ਲਈ ਰੋਹਤਕ ਬੱਸ ਸਟੈਂਡ ਪੁੱਜੀ ਤਾਂ 2 ਅਵਾਰਾ ਲੜਕਿਆਂ ਨੇ ਉਨ੍ਹਾਂ ਨੂੰ ਛੇੜਨਾ ਸ਼ੁਰੂ ਕਰ ਦਿੱਤਾ ਪਰ ਫਿਰ ਵੀ ਇਹ ਦੋਵੇਂ ਬੱਸ 'ਚ ਚੜ੍ਹ ਗਈਆਂ ਅਤੇ ਲੜਕੇ ਵੀ ਉਨ੍ਹਾਂ ਨਾਲ ਚੜ੍ਹ ਗਏ ਅਤੇ ਛੇੜਛਾੜ ਕਰਨ ਤੋਂ ਬਾਜ ਨਹੀਂ ਆਏ। ਜਦੋਂ ਬੱਸ ਸੋਨੀਪਤ ਰੋਡ 'ਤੇ ਪਾਕਸਮਾ ਮੋਡ ਕੋਲ ਪੁੱਜੀ ਤਾਂ ਲੜਕੀਆਂ ਨੇ ਵਿਰੋਧ ਕੀਤਾ। ਜਿਸ ਤੋਂ ਬਾਅਦ ਇਨ੍ਹਾਂ ਲੜਕਿਆਂ ਨੇ ਲੜਕੀਆਂ ਨਾਲ ਧੱਕਾਮੁਕੀ ਅਤੇ ਕੁੱਟਮਾਰ ਸ਼ੁਰੂ ਕਰ ਦਿੱਤੀ ਪਰ ਦੋਹਾਂ ਬਹਾਦਰ ਲੜਕੀਆਂ ਨੇ ਹਾਰ ਨਹੀਂ ਮੰਨੀ ਅਤੇ ਆਪਣੇ ਬਚਾਅ 'ਚ ਲੜਕਿਆਂ ਨਾਲ ਭਿੜ ਗਈਆਂ ਅਤੇ ਆਪਣੀ ਬੈਲਟ ਕੱਢ ਕੇ ਇਨ੍ਹਾਂ ਲੜਕਿਆਂ 'ਤੇ ਟੁੱਟ ਪਈ ਅਤੇ ਦਨਾਦਨ ਕੁੱਟਮਾਰ ਕਰ ਦਿੱਤੀ। ਇਨ੍ਹਾਂ ਲੜਕਿਆਂ ਨੇ ਦੋਹਾਂ ਭੈਣਾਂ ਨੂੰ ਬੱਸ ਤੋਂ ਬਾਹਰ ਧੱਕਾ ਦੇ ਦਿੱਤਾ ਅਤੇ ਦੌੜ ਗਏ। ਇਸੇ ਦੌਰਾਨ ਇਕ ਔਰਤ ਨੇ ਆਪਣੇ ਮੋਬਾਈਲ ਰਾਹੀਂ ਇਨ੍ਹਾਂ ਦਾ ਵੀਡੀਓ ਬਣਾ ਲਿਆ।

# ਫਿਲੀਪਾਈਨ 'ਚ ਬਣੇਗਾ ਪਹਿਲਾਂ ਪੰਜਾਬੀ ਸਕੂਲ

**ਸੁਲਤਾਨਪੁਰ ਲੋਧੀ-** ਫਿਲੀਪਾਈਨ 'ਚ ਬਣਨ ਵਾਲੇ ਪਹਿਲੇ ਪੰਜਾਬੀ ਫਿਲੀਪੀਨੋ-ਇੰਡੀਅਨ ਸਕੂਲ ਦਾ ਨੀਂਹ ਪੱਥਰ ਉਥੇ ਭਾਰਤੀ ਰਾਜਦੂਤ ਡੀ.ਐਲ. ਰਾਲਤੇ ਅਤੇ ਵਾਤਾਵਰਣ ਪਰੇਮੀ ਸੰਤ ਬਲਬੀਰ ਸਿੰਘ ਸੀਂਚੇਵਾਲ ਨੇ ਸਾਂਝੇ ਤੌਰ 'ਤੇ ਰੱਖਿਆ। ਇਸ ਮੌਕੇ ਨਵੇਂ ਬਣੇ ਗੁਰੂ ਇਕ ਓਂਕਾਰ ਇੰਡੀਅਨ ਨਿਰਮਲ ਟੈਂਪਲ ਦੀ ਇਮਾਰਤ ਵੀ ਸੰਗਤਾਂ ਨੂੰ ਸਮਰਪਿਤ ਕੀਤੀ ਗਈ। ਇਥੋਂ ਦੇ ਗੁਰੂ ਘਰ ਅਤੇ ਪੰਜਾਬੀ ਸਕੂਲ ਫਿਲੀਪਾਈਨ ਦੇ ਸ਼ਹਿਰ ਪਨਕੀ ਨੇੜੇ ਮਨਕਾਦਾ ਰੋਡ 'ਤੇ ਬਣਾਇਆ ਗਿਆ ਹੈ।

ਫਿਲੀਪਾਈਨ ਦੇ ਵੱਖ-ਵੱਖ ਸ਼ਹਿਰਾਂ 'ਚ ਵੱਡੀ ਗਿਣਤੀ 'ਚ ਪੰਜਾਬੀ ਰਹਿੰਦੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਸਭ ਤੋਂ ਵੱਡੀ ਸਮੱਸਿਆ ਸਕੂਲਾਂ 'ਚ ਆਉਂਦੀ ਹੈ। ਉਥੇ ਵੱਸਦੇ ਪੰਜਾਬੀ ਪਰਿਵਾਰ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੇ ਇਛੁੱਕ ਹਨ, ਜਿਸ ਨਾਲ ਉਹ ਆਪਣੀ ਮਾਂ ਬੋਲੀ ਨਾਲ ਜੁੜ ਸਕਣ।

ਡੀ.ਐਲ. ਰਾਲਤੇ ਅਤੇ ਸੰਤ ਸੀਚੇਵਾਲ ਵਲੋਂ ਨੀਂਹ ਪੱਥਰ ਰੱਖੇ ਜਾਣ ਨਾਲ ਹੀ ਪੰਜਾਬੀ ਸਕੂਲ ਦੀ ਇਮਾਰਤ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ। ਪਹਿਲੇ ਪੜਾਅ ਦੌਰਾਨ ਇਸ ਸਕੂਲ ਦੇ 18 ਕਮਰੇ ਬਣਾਏ ਜਾ ਰਹੇ ਹਨ। ਇਨ੍ਹਾਂ ਕਮਰਿਆਂ ਨੂੰ ਬਣਾਉਣ ਲਈ ਪੰਜਾਬੀਆਂ ਨੇ ਦਿਲ ਖੋਲ ਕੇ ਦਾਨ ਦਿੱਤਾ ਹੈ। ਸੰਤ ਸੀਂਚੇਵਾਲ ਜੀ ਨੇ ਪਨਕੀ ਤੋਂ ਕੀਤੀ ਗੱਲਬਾਤ ਦੌਰਾਨ ਦੱਸਿਆ ਕਿ ਫਿਲੀਪਾਈਨ ਦੀ ਗੁਰੂ ਨਾਨਕ ਨਾਮਲੇਵਾ ਸੰਗਤਾਂ ਵਲੋਂ ਕੀਤੀ ਗਈ ਸੇਵਾ ਦੇ ਨਤੀਜੇ ਵਜੋਂ ਗੁਰੂ ਘਰ ਦੀ ਸ਼ਾਨਦਾਰ ਇਮਾਰਤ ਬਣੀ ਗਈ ਹੈ। ਡੀ.ਐਲ. ਰਾਲਤੇ ਨੇ ਕਿਹਾ ਕਿ ਵਿਦੇਸ਼ਾਂ 'ਚ ਭਾਰਤੀ ਸਖਤ ਮਿਹਨਤ ਦੂਤਘਰ ਤੋਂ ਆਏ ਅਧਿਕਾਰੀਆਂ ਨੇ ਪੰਜਾਬੀਆਂ ਨੂੰ ਪਾਸਪੋਰਟ ਅਤੇ ਹੋਰ ਦਸਤਾਵੇਜ਼ਾਂ ਸੰਬੰਧੀ ਆਉਂਦੀਆਂ ਮੁਸ਼ਕਿਲਾਂ ਵੀ ਸੁਣਨ। ਇਸ ਮੌਕੇ ਸਨਪਾਬਲੋ, ਭਗੂਪਾਨ, ਵੀਜਨ, ਤਰਲਕ, ਬਾਗੀਓ ਆਦਿ ਸ਼ਹਿਰਾਂ ਤੋਂ ਪੰਜਾਬੀ ਸੰਗਤਾਂ ਭਾਰੀ ਗਿਣਤੀ 'ਚ ਆਈਆਂ ਹੋਈਆਂ ਸਨ। ਇਸ ਮੌਕੇ ਆਸਟਰੇਲੀਆ ਤੋਂ ਲਿਵਿੰਗ ਸਟੋਨ ਅਤੇ ਮਿਲ.ਕਿਲੇਰੀ ਅੰਬੈਸਡਰ ਦੇ ਸੈਕਟਰੀ ਮਹੇਸ਼ ਯਾਦਵ, ਇਕਬਾਲ ਸਿੰਘ, ਮੱਖਣ ਸਿੰਘ, ਹਰਦੀਪ ਸਿੰਘ, ਸੰਦੀਪ ਸਿੰਘ, ਦਲਜੀਤ ਸਿੰਘ, ਦਰਬਾਰਾ ਸਿੰਘ, ਲੈਹੰਬਰ ਸਿੰਘ ਆਦਿ ਮੌਜੂਦ ਸਨ।

# ਭਾਰਤੀ ਸੰਵਿਧਾਨ, ਜਿਸਨੇ ਦੇਸ਼ ਨੂੰ ਨਵੀਂ ਦਿਸ਼ਾ ਦਿੱਤੀ

ਭਾਰਤ ਦਾ ਸੰਵਿਧਾਨ 26 ਨਵੰਬਰ 1949 ਨੂੰ ਸਵੀਕਾਰ ਕੀਤਾ ਗਿਆ। ਸੰਵਿਧਾਨ ਦੇ ਮਾਇਨੇ ਕੀ ਹੁੰਦੇ ਹਨ। ਸ਼ਾਇਦ ਉਸ ਸਮੇਂ ਭਾਰਤ ਦੇ ਲੋਕਾਂ ਨੂੰ ਇਹ ਪਤਾ ਨਹੀਂ ਸੀ। ਪਰ ਦੁਨੀਆਂ ਵਿਚ ਸੰਵਿਧਾਨ ਦਾ ਮਹੱਤਵ ਸਥਾਪਤ ਹੋ ਚੁੱਕਾ ਸੀ। ਅਮਰੀਕਾ ਵਿਚ 1779 ਵਿਚ ਸੰਵਿਧਾਨ ਬਣ ਚੁੱਕਾ ਸੀ। ਹਾਲਾਂਕਿ ਇੰਗਲੈਂਡ ਵਿਚ ਉਸ ਕਿਸਮ ਦਾ ਸੰਵਿਧਾਨ ਨਹੀਂ ਹੈ ਪਰ ਉਥੇ ਮੈਗਨਾ ਕਾਰਟਾ ਵਰਗੇ ਸੰਵਿਧਾਨਕ ਅਧਿਕਾਰਾਂ ਦੀ ਵਿਵਸਥਾ ਕਾਇਮ ਹੋ ਚੁੱਕੀ ਸੀ, ਜਿਸ ਦੇ ਤਹਿਤ ਰਾਜਾ ਨੇ ਆਪਣੀ ਜਨਤਾ ਦੇ ਨਾਲ ਆਪਣੇ ਅਧਿਕਾਰਾਂ ਨੂੰ ਵੰਡ ਲਿਆ ਸੀ। ਉਥੇ ਹੁਣ ਤੱਕ ਇਸੇ ਕਿਸਮ ਦੀ ਸੈਟਲਮੈਂਟ ਨਾਲ ਬਣੀ ਵਿਵਸਥਾ ਕਾਇਮ ਹੈ ਅਤੇ 15 ਜੂਨ 2015 ਨੂੰ ਉਸਦੇ ਮੈਗਨਾ ਕਾਰਟਾ ਦੇ 800 ਸਾਲ ਹੋਣ ਵਾਲੇ ਹਨ।

ਸੰਵਿਧਾਨ ਅਸਲ ਵਿਚ ਸਮੂਹ ਵਿਚ ਵੰਡੇ ਲੋਕ ਜੋ ਰਾਸ਼ਟਰ ਬਣਨਾ ਚਾਹੁੰਦੇ ਹਨ, ਨੂੰ ਮਨੁੱਖੀ ਅਧਿਕਾਰ ਦਿਵਾਉਂਦਾ ਹੈ। ਇਸ ਦੇ ਤਹਿਤ ਲੋਕਾਂ ਦੇ ਲਈ ਆਜ਼ਾਦੀ, ਭਾਈਚਾਰਕ ਸਮਾਨਤਾ, ਬਰਾਬਰੀ ਅਤੇ ਨਿਆਂ ਦੇ ਲਈ ਵਿਵਸਥਾ ਦਾ ਨਿਰਮਾਣ ਕੀਤਾ ਜਾਂਦਾ ਹੈ। ਇਹ ਸਾਰੇ ਮਨੁੱਖਾਂ ਨੂੰ ਬਰਾਬਰ ਅਧਿਕਾਰ ਵੀ ਦਿੰਦਾ ਹੈ ਅਤੇ ਇਹਨਾਂ ਵਿਚਕਾਰ ਭੇਦਭਾਵ ਨੂੰ ਅਪਰਾਧ ਵੀ ਐਲਾਨ ਕਰਦਾ ਹੈ।

1950 ਤੋਂ ਬਾਅਦ ਵਿਸ਼ਵ ਦੇ ਲੱਗਭੱਗ 50 ਦੇਸ਼ਾਂ ਨੇ ਆਪਣਾ ਸੰਵਿਧਾਨ ਬਣਾਇਆ, ਜਿਸ ਵਿਚ ਭਾਰਤ ਪਹਿਲੇ ਸਥਾਨ ਤੇ ਹੈ ਅਤੇ ਭਾਰਤ ਦਾ ਸੰਵਿਧਾਨ ਹੀ ਹੋਰ ਦੇਸ਼ਾਂ ਦੇ ਲਈ ਪ੍ਰੇਰਨਾ ਬਣਿਆ। ਹਾਲਾਂਕਿ ਇੱਥੇ ਇਹ ਵੀ ਸਾਫ ਕਰ ਦੇਣਾ ਹੋਵੇਗਾ ਕਿ ਭਾਰਤ ਦੀ 'ਆਜ਼ਾਦੀ ਦਾ ਅੰਦੋਲਨ' ਅਤੇ 'ਭਾਰਤ ਦੇ ਸੰਵਿਧਾਨ' ਦਾ ਆਪਸ ਵਿਚ ਕੋਈ ਸਬੰਧ ਨਹੀਂ ਹੈ। ਦੋਵੇਂ ਹੀ ਅਲੱਗ ਅਲੱਗ ਘਟਨਾਵਾਂ ਹਨ। ਜਦੋਂ ਸੰਨ 1928 ਵਿਚ ਸਾਈਮਨ ਕਮਿਸ਼ਨ ਭਾਰਤ ਆਇਆ ਤਾਂ ਉਸ ਸਮੇਂ ਸੰਵਿਧਾਨਕ ਸੈਟਲਮੈਂਟ ਦੀ ਗੱਲ ਉੱਠੀ। ਅੰਗਰੇਜ਼ਾਂ ਨੇ ਇਹ ਤਹਿ ਕਰਨਾ ਜ਼ਰੂਰੀ ਸਮਝਿਆ ਕਿ ਭਾਰਤ ਨੂੰ ਸੱਤਾ ਦੀ ਤਬਦੀਲੀ ਤੋਂ ਬਾਅਦ ਭਾਰਤ ਵਿਚ ਲੋਕਤੰਤਰੀ ਵਿਵਸਥਾ ਹੀ ਲਾਗੂ ਹੋਵੇ ਅਤੇ ਇਸ ਪੂਰੀ ਪ੍ਰਕਿਰਿਆ ਵਿਚ ਬਾਬਾ ਸਾਹਿਬ ਡਾ. ਅੰਬੇਦਕਰ ਦੀ ਭੂਮਿਕਾ ਪ੍ਰਮੁੱਖ ਰਹੀ। ਜੇਕਰ ਅਸੀਂ ਏ. ਬੀ. ਏ. ਸਾਹਿਬ ਦੇ ਸੰਪੂਰਨ ਜੀਵਨ ਨੂੰ ਦੇਖੀਏ ਤਾਂ ਇਹ ਸਾਫ ਹੋ ਜਾਵੇਗਾ ਕਿ ਉਹ ਸੰਵਿਧਾਨਕ ਸੈਟਲਮੈਂਟ ਨੂੰ ਲੈ ਕੇ ਕਿੰਨੇ ਗੰਭੀਰ ਸਨ। ਉਹਨਾਂ ਦਾ ਮੰਨਣਾ ਸੀ ਕਿ ਦੇਸ਼ ਵਿਚ ਸਮਾਜਿਕ ਕ੍ਰਾਂਤੀ ਤਾਂ ਹੀ ਸਥਾਈ ਹੋਵੇਗੀ, ਜਦੋਂ ਸੰਵਿਧਾਨਕ ਗਰੰਟੀ ਹੋਵੇਗੀ। ਉਹ ਸੰਵਿਧਾਨ ਦੇ ਜ਼ਰੀਏ ਦੇਸ਼ ਵਿਚ ਸਮਾਨਤਾ ਸਥਾਪਤ ਕਰਨਾ ਚਾਹੁੰਦੇ ਸਨ। ਉਹ ਚਾਹੁੰਦੇ ਸਨ ਕਿ ਭਾਰਤ ਵਿਚ ਅਸਮਾਨਤਾ ਖਤਮ ਹੋਵੇ ਅਤੇ ਸਮਾਨਤਾ ਆਵੇ ਅਤੇ ਲੋਕਾਂ ਨੂੰ ਉਹਨਾਂ ਦੇ ਬੁਨਿਆਦੀ ਅਧਿਕਾਰ ਮਿਲਣ। ਸੰਵਿਧਾਨਕ ਤੌਰ ਤੇ ਭਾਰਤ ਵਿਚ ਜਾਤੀ ਅਤੇ ਵਰਣ ਵਰਗੀ ਵਿਵਸਥਾ ਅਤੇ ਮਨੂ ਸਿਮਰਤੀ ਦੇ ਤਹਿਤ ਬਣਾਏ ਗਏ ਕਾਨੂੰਨ ਦਾ ਖਤਮ ਹੋਣ ਦਾ ਵਕਤ ਆ ਗਿਆ ਸੀ। ਜਯੋਤੀਬਾ ਫੂਲੇ, ਸਾਹੂਜੀ ਮਹਾਰਾਜ, ਗਾਡਕੇ ਬਾਬਾ, ਨਰਾਇਣ ਗੁਰੂ, ਪੇਰੀਆਰ ਅਤੇ ਬਾਬਾ ਸਾਹਿਬ ਡਾ. ਅੰਬੇਦਕਰ ਦੇ ਜ਼ਰੀਏ ਜੋ ਸਮਾਜਿਕ ਕ੍ਰਾਂਤੀ ਆਈ ਸੀ, ਉਸਨੂੰ ਇਕ ਪਛਾਣ ਚਾਹੀਦੀ ਸੀ। ਇਸਦੇ ਲਈ ਭਾਰਤ ਵਿਚ ਇਕ ਸੰਵਿਧਾਨ ਦੀ ਜ਼ਰੂਰਤ ਸੀ, ਹਾਲਾਂਕਿ ਇਹ ਕਹਿਣਾ ਜ਼ਿਆਦਾ ਸਹੀ ਹੋਵੇਗਾ ਕਿ ਭਾਰਤ ਵਿਚ ਰਾਜਨੀਤਿਕ ਕ੍ਰਾਂਤੀ ਦੀ ਬਜਾਏ ਸਮਾਜਿਕ ਕ੍ਰਾਂਤੀ ਦੇ ਕਾਰਨ ਸੰਵਿਧਾਨ ਬਣਿਆ ਹੈ। ਕਿਉਂਕਿ ਜੋ ਲੋਕ ਰਾਜਨੀਤਿਕ ਕ੍ਰਾਂਤੀ ਵਿਚ ਸਰਗਰਮ ਸਨ, ਉਹ ਨਹੀਂ ਚਾਹੁੰਦੇ ਸਨ ਕਿ ਭਾਰਤ ਵਿਚ ਸੰਵਿਧਾਨ ਹੋਵੇ। ਉਹ ਬਿਨਾਂ ਸੰਵਿਧਾਨ ਦੇ ਹੀ ਦੇਸ਼ ਭਾਰਤ ਦੇਸ਼ ਨੂੰ ਚਲਾਉਣਾ ਚਾਹੁੰਦੇ ਸਨ। ਪਰ ਭਾਰਤ ਵਿਚ ਸਮਾਜਿਕ ਕ੍ਰਾਂਤੀ ਦੇ ਕਾਰਨ ਇੰਨੇ ਜ਼ਿਆਦਾ ਮਜ਼ਬੂਤ ਸਨ ਕਿ ਰਾਜਨੀਤਿਕ ਲੋਕ ਇਹ ਚਾਹ ਕੇ ਵੀ ਸੰਵਿਧਾਨ ਨਿਰਮਾਣ ਰੋਕ ਨਾ ਸਕੇ। ਡਾ. ਅੰ-ਬੇਦਕਰ ਜੀ ਦੇ ਲਗਾਤਾਰ ਸਰਗਰਮ ਰਹਿਣ ਦੇ ਕਾਰਨ ਬ੍ਰਿਟਿਸ਼ ਲੋਕ ਵੀ ਭਾਰਤ ਵਿਚ ਮੌਜੂਦ ਅਸਮਾਨਤਾ ਨੂੰ ਸਮਝ ਚੁੱਕੇ ਸਨ ਅਤੇ ਉਹ ਡਾ. ਅੰਬੇਦਕਰ ਅਤੇ ਸੰਵਿਧਾਨ ਦੇ ਪੱਖ ਵਿਚ ਸਨ। ਇਸ ਤਰ੍ਹਾਂ ਨਾਲ ਭਾਰਤ ਵਿਚ ਸੰਵਿਧਾਨ ਬਣਨ ਦੀ ਪ੍ਰਕਿਰਿਆ ਤੇ ਮੋਹਰ ਲੱਗੀ।



ਇਹਨਾਂ ਸਾਰੀਆਂ ਗੱਲਾਂ ਦੇ ਕਾਰਨ 9 ਅਗਸਤ 1946 ਨੂੰ 296 ਮੈਂਬਰਾਂ ਦੀ ਸੰਵਿਧਾਨ ਸਭਾ ਬਣੀ। ਦੇਸ਼ ਦੀ ਵੰਡ ਹੋਣ ਦੇ ਕਾਰਨ ਇਸ ਵਿਚੋਂ 89 ਮੈਂਬਰ ਚਲੇ ਗਏ। ਇਸ ਤਰ੍ਹਾਂ ਭਾਰਤੀ ਸੰਵਿਧਾਨ ਸਭਾ ਵਿਚ 207 ਮੈਂਬਰ ਰਹਿ ਗਏ ਅਤੇ ਇਹਨਾਂ ਦੀ ਪਹਿਲੀ ਬੈਠਕ ਵਿਚ ਸਿਰਫ 207 ਮੈਂਬਰ ਹੀ ਸ਼ਾਮਲ ਸਨ, ਇਸ ਵਿਚ ਬਾਬਾ ਸਾਹਿਬ ਡਾ. ਅੰਬੇਦਕਰ ਪਹਿਲੀ ਵਾਰ 9 ਦਸੰਬਰ 1946 ਨੂੰ ਬੰਗਾਲ ਤੋਂ ਚੁਣ ਕੇ ਆਏ (ਮੁਸਲਿਮ ਵੋਟ ਦੁਆਰਾ) ਅਤੇ ਇਸ ਤੋਂ ਤੁਰੰਤ ਬਾਅਦ ਵੰਡ ਹੋ ਗਈ, ਜਿਸ ਤੋਂ ਬਾਅਦ ਬਾਬਾ ਸਾਹਿਬ ਜਿਸ ਸੰਵਿਧਾਨ ਪਰਿਸ਼ਦ ਦੀ ਸੀਟ ਦੀ ਪ੍ਰਤੀਨਿਧਤਾ ਕਰ ਰਹੇ ਸਨ, ਉਸਨੂੰ ਪਾਕਿਸਤਾਨ ਦੇ ਹਵਾਲੇ ਕਰ ਦਿੱਤਾ ਗਿਆ। ਇਸ ਤਰ੍ਹਾਂ ਬਾਬਾ ਸਾਹਿਬ ਦੀ ਮੈਂਬਰੀ ਰੱਦ ਹੋ ਗਈ। ਵੰਡ ਦੀ ਸਾਜ਼ਿਸ਼ ਇਸ ਕਰਕੇ ਰਚੀ ਗਈ ਤਾਂ ਜੋ ਡਾ. ਅੰਬੇਦਕਰ ਸੰਵਿਧਾਨ ਸਭਾ ਵਿਚ ਨਾ ਰਹਿ ਸਕਣ। ਹਾਲਾਂਕਿ ਇਹਨਾਂ ਸਾਰੀਆਂ ਸਾਜ਼ਿਸ਼ਾਂ ਨੂੰ ਦਰਕਿਨਾਰ ਕਰਦੇ ਹੋਏ ਬਾਬਾ ਸਾਹਿਬ ਦੁਬਾਰਾ 14 ਜੁਲਾਈ 1947 ਨੂੰ ਚੁਣ ਕੇ ਆਏ।

**ਹੁਣ ਡਾ. ਅੰਬੇਦਕਰ ਦੁਬਾਰਾ ਕਿਵੇਂ ਚੁਣੇ ਗਏ?**

ਅਸਲ ਵਿਚ ਡਾ. ਅੰਬੇਦਕਰ ਜਦੋਂ ਪਹਿਲੀ ਵਾਰ ਸੰਵਿਧਾਨ ਸਭਾ ਵਿਚ ਚੁਣ ਕੇ ਆਏ ਸਨ ਅਤੇ ਵੰਡ ਤੋਂ ਬਾਅਦ ਆਪਣੇ ਚੋਣ ਖੇਤਰ ਦੇ ਪਾਕਿਸਤਾਨ ਵਿਚ ਚਲੇ ਜਾਣ ਦੇ ਕਾਰਨ ਸੰਵਿਧਾਨ ਸਭਾ ਦਾ ਹਿੱਸਾ ਨਹੀਂ ਰਹੇ ਉਸ ਵਕਤ ਇੰਗਲੈਂਡ ਦੀ ਪਾਰਲੀਮੈਂਟ ਵਿਚ ਇੰਡੀਅਨ ਕਾਂਸਟੀ-ਚਿਊਸ਼ਨ ਅਸੈਂਬਲੀ ਦਾ ਬਹੁਤ ਸਖ਼ਤ ਵਿਰੋਧ ਹੋਇਆ ਅਤੇ ਵਿਰੋਧ ਨੂੰ ਦਬਾਉਣ ਦੇ ਲਈ ਨਹਿਰੂ ਨੂੰ ਯੂ. ਕੇ. ਦੇ ਲੀਡਰਾਂ ਨੂੰ ਸਮਝਾਉਣ ਦੇ ਲਈ ਬ੍ਰਿਟੇਨ ਜਾਣਾ ਪਿਆ ਸੀ। ਇਸ ਵਿਰੋਧ ਦੀ ਗੰਭੀਰਤਾ ਨੂੰ ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਕੱਦਾਵਰ ਲੀਡਰ 'ਚਰਚਿਲ' ਨੇ ਇੱਥੋਂ ਤੱਕ ਕਹਿ ਦਿੱਤਾ ਕਿ ਭਾਰਤੀ ਲੋਕ ਸੰਵਿਧਾਨ ਬਣਾਉਣ ਲਾਇਕ ਨਹੀਂ ਹਨ। ਇਹਨਾਂ ਲੋਕਾਂ ਨੂੰ ਆਜ਼ਾਦੀ ਦੇਣਾ ਠੀਕ ਨਹੀਂ ਹੋਵੇਗਾ। ਰਹੀ ਗੱਲ ਬ੍ਰਿਟਿਸ਼ਰ ਘੱਟ ਗਿਣਤੀਆਂ ਦੇ ਹਿੱਤਾਂ ਨੂੰ ਲੈ ਕੇ ਕਾਫੀ ਗੰਭੀਰ ਸਨ। ਤਤਕਾਲੀ ਸਥਿਤੀ ਵਿਚ ਯੂ. ਕੇ. ਦੀ ਪਾਰਲੀਮੈਂਟ ਦਾ ਕਹਿਣਾ ਸੀ ਕਿ ਜੇਕਰ ਭਾਰਤ ਵਿਚ ਸੰਵਿਧਾਨਕ ਵਿਵਸਥਾ ਹੁੰਦੀ ਹੈ ਤਾਂ ਇਸ ਵਿਚ ਘੱਟ ਗਿਣਤੀਆਂ ਦੇ ਹਿੱਤਾਂ ਦੀ ਗਰੰਟੀ ਨਹੀਂ ਹੋਵੇਗੀ, ਕਿਉਂਕਿ ਬਾਬਾ ਸਾਹਿਬ ਦਾ ਕਹਿਣਾ ਸੀ ਕਿ ਇਸ ਪੂਰੀ ਪ੍ਰਕਿਰਿਆ ਵਿਚ ਐਸ ਸੀ ਅਤੇ ਐਸ ਟੀ ਨਹੀਂ ਹਨ, ਖਾਸ ਤੌਰ ਤੇ ਅਛੂਤ ਹਿੰਦੂ ਨਹੀਂ ਹਨ।

ਬਾਬਾ ਸਾਹਿਬ ਨੇ ਇਸ ਨੂੰ ਸਾਬਤ ਕਰਦੇ ਹੋਏ ਐਸ ਸੀ- ਐਸ ਟੀ ਦੇ ਲਈ ਵੱਖਰੀ ਵਿਵਸਥਾ ਦੀ ਗੱਲ ਕਹੀ ਸੀ। ਬਾਬਾ ਸਾਹਿਬ ਦੀ ਇਸ ਗੱਲ ਤੇ ਯੂ. ਕੇ. ਦੀ ਪਾਰਲੀਮੈਂਟ ਵਿਚ ਲੰਮੀ ਬਹਿਸ ਹੋਈ ਸੀ। ਇਸ ਬਹਿਸ ਕਾਰਨ ਇਹ ਸਥਿਤੀ ਪੈਦਾ ਹੋ ਗਈ ਸੀ ਕਿ ਜੇਕਰ ਭਾਰਤ ਵਿਚ ਅਧਿਕਾਰ ਦੇ ਆਧਾਰ ਤੇ ਬਰਾਬਰੀ ਦੇ ਆਧਾਰ ਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਦੀ ਵਿਵਸਥਾ ਨਹੀਂ ਹੋਵੇਗੀ ਤਾਂ ਭਾਰਤ ਦਾ ਸੰਵਿਧਾਨ ਨਹੀਂ ਬਣ ਸਕੇਗਾ ਅਤੇ ਇਸ ਨੂੰ ਮਾਨਤਾ ਨਹੀਂ ਮਿਲੇਗੀ ਅਤੇ ਜੇਕਰ ਸੰਵਿਧਾਨ ਨਹੀਂ ਬਣੇਗਾ ਤਾਂ ਭਾਰਤ ਨੂੰ ਆਜ਼ਾਦੀ ਨਹੀਂ ਮਿਲੇਗੀ। ਅਜਿਹੀ ਸਥਿਤੀ ਵਿਚ ਬਾਬਾ ਸਾਹਿਬ ਨੂੰ ਚੁਣ ਕੇ ਲਿਆਉਣਾ ਕਾਂਗਰਸ ਅਤੇ ਪੂਰੇ ਦੇਸ਼ ਦੀ ਮਜਬੂਰੀ ਹੋ ਗਈ ਅਤੇ ਇਸ ਪ੍ਰਕਾਰ ਬਾਬਾ ਸਾਹਿਬ ਸੰਵਿਧਾਨ ਨਿਰਮਾਤਾ ਦੇ ਰੂਪ ਵਿਚ ਸੰਘਰਸ਼ ਕਰਦੇ ਰਹੇ। ਬਾਬਾ ਸਾਹਿਬ ਜੇਕਰ ਯੂ. ਕੇ. ਦੀ ਸੰਵਿਧਾਨਕ ਅਸੈਂਬਲੀ ਵਿਚ ਨਾ ਹੁੰਦੇ ਤਾਂ ਅਛੂਤਾਂ ਦੇ ਅਧਿਕਾਰਾਂ ਦੀ ਸੰਵਿਧਾਨਕ ਸੈਟਲਮੈਂਟ ਹੋਣ ਦੀ ਗੱਲ ਨਾ ਮੰਨੀ ਜਾਂਦੀ ਅਤੇ ਇਸ ਵਿਚ ਭਾਰਤ ਦੇ ਸੰਵਿਧਾਨ ਨੂੰ ਮਾਨਤਾ ਨਾ ਮਿਲਦੀ।

ਜਿਸ ਸਮਾਜਿਕ ਕ੍ਰਾਂਤੀ ਦੀ ਬਦੌਲਤ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਹੋਇਆ, ਉਸ ਵਿਚ ਸਾਹੂ ਜੀ ਮਹਾਰਾਜ, ਜਯੋਤਿਬਾ ਫੂਲੇ, ਨਰਾਇਣ ਗੁਰੂ ਤੇ ਬਾਬਾ ਸਾਹਿਬ ਅੰਬੇਦਕਰ ਦਾ ਬਹੁਤ ਵੱਡਾ ਯੋਗਦਾਨ ਸੀ। ਇਹਨਾਂ ਸਾਰੇ ਮਹਾਂਪੁਰਸ਼ਾਂ ਦੇ ਸੰਘਰਸ਼ਾਂ ਤੋਂ ਬਾਅਦ ਬਾਬਾ ਸਾਹਿਬ ਅੰਬੇਦਕਰ ਦੇ ਜ਼ਰੀਏ ਭਾਰਤ ਵਿਚ ਜੋ ਸਮਾਜਿਕ ਕ੍ਰਾਂਤੀ ਆਈ, ਉਸਦਾ ਇਕੋ ਇਕ ਕਾਰਨ ਹੈ, ਜਿਸ ਵਿਚ ਭਾਰਤ ਦੇ ਸੰਵਿਧਾਨ ਦਾ ਨਿਰਮਾਣ ਹੋਇਆ।

ਇਹ ਨਾ ਹੁੰਦਾ ਅਤੇ ਸੰਵਿਧਾਨ ਨਾ ਹੁੰਦਾ ਤਾਂ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦੀ ਗਰੰਟੀ ਵੀ ਨਾ ਹੁੰਦੀ। ਯਾਨਿ ਬੋਲਣ ਦੀ, ਲਿਖਣ ਦੀ, ਆਪਣੀ ਮਰਜ਼ੀ ਨਾਲ ਪੇਸ਼ਾ ਚੁਣਨ ਦੀ, ਸੰਗਠਨ ਖੜ੍ਹਾ ਕਰਨ ਦੀ, ਮੀਡੀਆ ਚਲਾਉਣ ਦੀ ਆਜ਼ਾਦੀ ਨਾ ਹੁੰਦੀ। ਜਾਤੀਵਾਦੀ ਭੇਦਭਾਵ ਨੂੰ ਗਲਤ ਨਾ ਮੰਨਿਆ ਜਾਂਦਾ, ਛੂਤ ਛਾਤ ਨੂੰ ਕਾਨੂੰਨ ਵਿਚ ਅਪਰਾਧ ਐਲਾਨ ਨਾ ਕੀਤਾ ਜਾਂਦਾ, ਔਰਤ ਆਜ਼ਾਦੀ ਦੀ ਗੱਲ ਕੌਣ ਕਰਦਾ।

ਭਾਰਤੀ ਸੰਵਿਧਾਨ ਦਾ ਇਤਿਹਾਸ ਗਰੈਨਵਿਲ ਅਸਟਿਨ ਨੇ ਇਕ ਕਿਤਾਬ ਲਿਖੀ ਹੈ, ਜਿਸ ਵਿਚ ਉਹਨਾਂ ਨੇ ਡਾ. ਅੰਬੇਦਕਰ ਨੂੰ ਭਾਰਤੀ ਸੰਵਿਧਾਨ ਸਭਾ ਦਾ ਸਭ ਤੋਂ ਮਹੱਤਵਪੂਰਨ ਵਿਅਕਤੀ ਮੰਨਿਆ ਹੈ। ਭਾਰਤੀ ਸੰਵਿਧਾਨ ਇਕ ਬਹੁਤ ਲੰਮੀ ਪ੍ਰਕਿਰਿਆ ਤੋਂ ਬਾਅਦ ਬਣੀ। 30 ਅਗਸਤ 1947 ਨੂੰ ਇਸਦੀ ਪਹਿਲੀ ਬੈਠਕ ਹੋਈ। ਸੰਵਿਧਾਨ ਬਣਨ ਦੇ ਲਈ ਸੰਵਿਧਾਨਕ ਅਸੈਂਬਲੀ ਨੂੰ 141 ਦਿਨ ਕੰਮ ਕਰਨਾ ਪਿਆ। ਜੇਕਰ ਹੋਰ ਦੇਸ਼ਾਂ ਦੀ ਤੁਲਨਾ ਕਰੀਏ ਤਾਂ ਇੰਗਲੈਂਡ ਦੇ ਲੋਕਾਂ ਨੂੰ ਵੀ ਅਧਿਕਾਰ ਟੁਕੜਿਆਂ ਵਿਚ ਮਿਲਿਆ। ਇੰਗਲੈਂਡ ਦੀਆਂ ਔਰਤਾਂ ਨੂੰ ਵੋਟਿੰਗ ਦਾ ਅਧਿਕਾਰ 1920 ਵਿਚ ਮਿਲਿਆ। ਇਸ ਤਰ੍ਹਾਂ ਅਮਰੀਕਾ ਦਾ ਸੰਵਿਧਾਨ 1779 ਵਿਚ ਵੀ ਬਣ ਗਿਆ ਸੀ ਪਰ ਉਥੋਂ ਦੇ ਸੰਵਿਧਾਨ ਵਿਚ ਬਲੈਕ ਲੋਕਾਂ ਨੂੰ ਨਾਗਰਿਕਤਾ ਨਹੀਂ ਸੀ। 1865 ਵਿਚ ਜਦੋਂ ਸੰਵਿਧਾਨ ਵਿਚ 13ਵੀਂ ਸੋਧ ਲਿਆਂਦੀ ਗਈ, ਤਾਂ ਅਮਰੀਕਾ ਦੇ ਕਾਲੇ ਲੋਕਾਂ ਨੂੰ ਨਾਗਰਿਕਤਾ ਮਿਲੀ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਅਮਰੀਕੀ ਸੁਪਰੀਮ ਕੋਰਟ ਨੇ 1857 ਵਿਚ ਕਾਲੇ ਲੋਕਾਂ ਨੂੰ ਡਰੈਡ ਸਕਾਟ ਕੇਸ ਵਿਚ ਅਮਰੀਕੀ ਨਾਗਰਿਕ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਅਬਰਾਹੀਮ ਲਿੰਕਨ ਨੇ 1865 ਵਿਚ 13ਵੀਂ ਸੋਧ ਲਿਆਂਦੀ ਅਤੇ ਕਾਲੇ ਲੋਕਾਂ ਨੂੰ ਨਾਗਰਿਕਤਾ ਦਾ ਅਧਿਕਾਰ ਦਿੱਤਾ। ਜਦਕਿ ਭਾਰਤ ਵਿਚ ਸੰਵਿਧਾਨ ਵਿਚ ਪਹਿਲੀ ਹੀ ਵਾਰ ਵਿਚ ਇਹ ਐਲਾਨ ਕੀਤਾ ਗਿਆ ਕਿ ਸਾਰੇ ਮਨੁੱਖ ਬਰਾਬਰ ਹਨ। ਜਾਤੀ, ਧਰਮ, ਵਰਗ, ਵਰਣ, ਜਨਮ, ਸਥਾਨ ਆਦਿ ਤੋਂ ਪਰੇ ਦੇਸ਼ ਦੇ ਸਾਰੇ ਮਨੁੱਖ ਸਮਾਨ ਹਨ। ਅਜਿਹਾ ਸੰਵਿਧਾਨ ਵਿਚ ਲਿਖਿਆ ਹੈ ਅਤੇ ਸਾਰਿਆਂ ਨੂੰ ਭਾਰਤੀ ਮੰਨਿਆ ਹੈ।

## ਮੈਂ ਜਾਗ ਰਿਹਾ ਹਾਂ, ਕਿਉਂਕਿ ਸਮਾਜ ਸੌਂ ਰਿਹਾ ਹੈ

ਫਰਵਰੀ ਦੇ ਤੀਜੇ ਹਫਤੇ ਵਿਚ ਇੰਗਲੈਂਡ ਮੈਨਚੈਸਟਰ ਦੇ ਗਾਰਡੀਅਨ ਅਖਬਾਰ ਦੇ ਪ੍ਰਤੀਨਿਧੀਅਤੇ ਅਮਰੀਕਾ ਦੇ ਨਿਊਯਾਰਕ ਟਾਈਮਜ਼ ਦੇ ਪ੍ਰਤੀਨਿਧੀਭਾਰਤੀ ਨੇਤਾਵਾਂ ਦੀ ਇੰਟਰਵਿਊ ਲੈਣ ਆਏ।



ਉਹ ਪਹਿਲਾਂ ਗਾਂਧੀ ਜੀ ਨੂੰ ਮਿਲੇ ਅਤੇ ਉਹਨਾਂ ਨੇ ਉਹਨਾਂ ਦੇ ਰਾਤ 8 ਵਜੇ ਦੇ ਸਮੇਂ ਦੀ ਇੰਟਰਵਿਊ ਲਈ। ਜਦੋਂ ਉਹ ਜਿਨਾਹ ਨੂੰ ਮਿਲੇ ਤਾਂ ਉਹਨਾਂ ਨੇ ਉਹਨਾਂ ਨੂੰ ਛੋਟ ਦਿੱਤੀ ਅਤੇ ਉਹਨਾਂ ਨੂੰ ਰਾਤੀ 9.30 ਵਜੇ ਦਾ ਸਮਾਂ ਦਿੱਤਾ। ਜਦੋਂ ਬਾਬਾ ਸਾਹਿਬ ਨੂੰ ਮਿਲੇ ਤਾਂ ਉਹਨਾਂ ਨੇ ਉਹਨਾਂ ਨੂੰ ਛੋਟ ਦਿੱਤੀ ਕਿ ਉਹ ਕਿਸੇ ਵੀ ਵਕਤ ਉਹਨਾਂ ਦੀ ਇੰਟਰਵਿਊ ਕਰ ਸਕਦੇ ਹਨ। ਦੋਵੇਂ ਪ੍ਰਤੀਨਿਧੀ ਨਿਰਧਾਰਿਤ ਸਮੇਂ ਰਾਤੀ 9 ਵਜੇ ਗਾਂਧੀ ਜੀ ਦੇ ਕੋਲ ਪਹੁੰਚੇ ਤਾਂ ਉਹਨਾਂ ਨੂੰ ਦੱਸਿਆ ਗਿਆ ਕਿ ਗਾਂਧੀ ਜੀ ਸੌਂ ਰਹੇ ਹਨ ਅਤੇ ਉਹ ਦਿਨ ਵਿਚ ਆਉਣ।

ਜਿਨਾਹ ਸਾਹਿਬ ਦੇ ਘਰ ਗਏ ਤਾਂ ਉਹ ਵੀ ਸੁੱਤੇ ਹੋਏ ਸਨ। ਜਦੋਂ ਉਹ ਬਾਬਾ ਸਾਹਿਬ ਦੇ ਕੋਲ ਅੱਧੀ ਰਾਤ ਲੱਗਭੱਗ 12 ਵਜੇ ਪਹੁੰਚੇ ਤਾਂ ਹੈਰਾਨ ਰਹਿ ਗਏ। ਉਹਨਾਂ ਨੇ ਦੇਖਿਆ ਕਿ ਬਾਬਾ ਸਾਹਿਬ ਆਪਣੇ ਅਧਿਐਨ ਕਰਨਵਾਲੇ ਕਮਰੇ ਵਿਚ ਪੂਰੇ ਤਿਆਰ ਬਰ ਤਿਆਰ ਅਧਿਐਨ ਕਰਦੇ ਹੋਏ ਉਹਨਾਂ ਦੀ ਉਡੀਕ ਕਰ ਰਹੇ ਸਨ। ਉਹਨਾਂ ਨੇ ਆਉਂਦੇ ਹੀ ਕਿਹਾ ਕਿ ਦੇਸ਼ ਦੇ ਦੋ ਮਹਾਨ ਨੇਤਾ ਮਹਾਤਮਾ ਗਾਂਧੀ ਅਤੇ ਮੁਹੰਮਦ ਜਿਨਾਹ ਉਹਨਾਂ ਨੂੰ ਸੁੱਤੇ ਹੋਏ ਮਿਲੇ।

ਤੁਸੀਂ ਹੁਣ ਤੱਕ ਆਪਣੀ ਰੈਗੂਲਰ ਡ੍ਰੈਸ ਵਿਚ ਸਾਡੀ ਉਡੀਕ ਵਿਚ ਜਾਗ ਰਹੇ ਹੋ। ਬਾਬਾ ਸਾਹਿਬ ਨੇ ਉਤਰ ਦਿੱਤਾ ਗਾਂਧੀ ਅਤੇ ਜਿਨਾਹ ਸਾਹਿਬ ਆਰਾਮ ਨਾਲ ਸੌਂਦੇ ਹਨ ਕਿਉਂਕਿ ਉਹਨਾਂ ਦਾ ਸਮਾਜ ਜਾਗਰਿਤ ਹੈ, ਉਹ ਜਾਗਰੂਕ ਹਨ। ਮੈਂ ਜਾਗ ਰਿਹਾ ਹਾਂ ਕਿਉਂਕਿ ਮੇਰਾ ਸਮਾਜ ਸੁੱਤਾ ਪਿਆ ਹੈ। ਅਣਭਿੱਜ ਹੈ, ਉਹ ਉਹਨਾਂ ਵਾਂਗ ਜਾਗਰੂਕ ਨਹੀਂ ਹੈ। ਦੋਵੇਂ ਪੱਤਰਕਾਰ ਇਸ ਉਤਰ ਨੂੰ ਸੁਣ ਕੇ ਹੈਰਾਨ ਰਹਿ ਗਏ। ਕੀ ਸਾਡਾ ਸਮਾਜ ਅੱਜ ਵੀ ਜਾਗਰੂਕ ਹੋ ਸਕਿਆ ਹੈ ਅਤੇ ਹੈ?

ਧੰਨਵਾਦ- ਸ਼ੰਕਰਾਨੰਦ ਸ਼ਾਸਤਰੀ ਦੀ ਲਿਖੀ ਪੁਸਤਕ ਯੁੱਗ ਪੁਰਸ਼ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀਵਨ ਸੰਘਰਸ ਅਤੇ ਰਾਸ਼ਟਰੀ ਸੇਵਾਵਾ ਤੋਂ।

## ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ ਮਾਸਿਕ ਇਕੱਤਰਤਾ

ਸੈਕਰਾਮੈਂਟੋ- ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਕੈ-ਲੇਫੋਰਨੀਆ ਦੀ ਮਾਸਿਕ ਇਕੱਤਰਤਾ ਗੁਰੂ ਰਵਿਦਾਸ ਟੈਂਪਲ ਸੈਕਰਾਮੈਂਟੋ ਦੇ ਕਮਿਊਨਿਟੀ ਹਾਲ ਵਿਚ ਹੋਈ।




ਸਭ ਤੋਂ ਪਹਿਲਾਂ ਕਾਰਜਕਾਰੀ ਮੈਂਬਰਾਂ ਦੀ ਮੀਟਿੰਗ ਵਿਚ ਕਈ ਅਹਿਮ ਨੁਕਤਿਆਂ ਅਤੇ ਆਰ ਰਹੀ ਕਾਨਫਰੰਸ ਸਬੰਧੀ ਤਿਆਰੀਆਂ ਅਤੇ ਰੂਪ ਰੇਖਾ ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਉਪਰੰਤ ਪ੍ਰਧਾਨਗੀ ਮੰਡਲ ਵਿਚ ਦਿਲਵੀਰ ਦਿਲ ਨਿੱਝਰ, ਅਜੀਤ ਰਾਜ ਬੰਗੜ ਅਤੇ ਮਹਿੰਦਰ ਸਿੰਘ ਘੱਗ ਦੇ ਪਹੁੰਚਣ ਤੇ ਸਟੇਜ ਸਕੱਤਰ ਜਸਵੰਤ ਜੱਸੀ ਸ਼ੀਮਾਰ ਨੇ ਕਹਾਣੀਕਾਰ ਤਤਿੰਦਰ ਕੌਰ ਨੂੰ ਸਟੇਜ ਤੇ ਸੱਤਾ ਦਿੰਦਿਆਂ ਮੀਟਿੰਗ ਦਾ ਆਗਾਜ਼, ਕਹਾਣੀ ਬੈਸ਼ਨ ਤੋਂ ਕੀਤਾ। ਜੋਤੀ ਸਿੰਘ, ਮਨਜੀਤ ਕੌਰ ਸੇਖੋਂ ਅਤੇ ਮਹਿੰਦਰ ਸਿੰਘ ਘੱਗ ਨੇ ਆਪੋ-ਆਪਣੀਆਂ ਕਹਾਣੀਆਂ ਦੀ ਸਰੋਤਿਆਂ ਦੇ ਦਿਲਾਂ ਤੇ ਛਾਪ ਛੱਡੀ।

ਕਹਾਣੀ ਸੈਸ਼ਨ ਤੋਂ ਬਾਅਦ ਸਭਾ ਦੇ ਮੈਂਬਰ ਕਵੀ ਰਮੇਸ਼ ਬੰਗੜ ਦੀ ਪਲੇਠੀ ਕਾਵਿ ਪੁਸਤਕ ''ਪਹਿਲਾ ਪੌਡਾ'' ਰਿਲੀਜ਼ ਕੀਤੀ ਗਈ। ਜੀਵਨ ਰੱਤੂ ਨੇ ਪਹਿਲਾ ਪੌਡਾ ਪੁਸਤਕ ਵਿਚੋਂ ਇਕ ਬਹੁਤ ਹੀ ਪਿਆਰਾ ਗੀਤ ਆਪਦੀ ਸੁਰੀਲੀ ਆਵਾਜ਼ ਨਾਲ ਸਾਂਝਾ ਕੀਤਾ। ਪ੍ਰਧਾਨ ਦਿਲ ਨਿੱਝਰ, ਮਹਿੰਦਰ ਸਿੰਘ ਘੱਗ ਅਤੇ ਅਜੀਤ ਰਾਮ ਬੰਗੜ ਨੇ ਪੁਸਤਕ ਵੁਪਰ ਚਰਚਾ ਕਰਦਿਆਂ ਕਵੀ ਰਮੇਸ਼ ਬੰਗੜ ਦੀ ਇਸ ਸਾਹਿਤਕ ਸਿਰਜਣਾ ਤੇ ਵਧਾਈ ਦਿੱਤੀ ਅਤੇ ਰਮੇਸ਼ ਬੰਗੜ ਨੇ ਆਪਣੀ ਪੁਸਤਕ ਅਤੇ ਆਪਣੇ ਸਾਹਿਤਕ ਸਫਰ ਬਾਰੇ ਸਰੋਤਿਆਂ ਨਾਲ ਸਾਂਝ ਪਾਈ।

ਚਾਹ ਪਾਣੀ ਦੀ ਬਰੇਕ ਬਾਅਦ ਪ੍ਰਧਾਨ ਦਿਲ ਨਿੱਜਰ, ਅਜੀਤ ਕੌਰ ਸੇਖੋਂ ਅਤੇ ਜੋਤੀ ਸਿੰਘ ਨੂੰ ਪ੍ਰਧਾਨਗੀ ਮੰਡਲ ਦਾ ਸੱਦਾ ਦਿੰਦਿਆਂ ਸ਼ੀਮਾਰ ਨੇ ਕਵੀ ਦਰਬਾਰ ਸੈਸ਼ਨ ਦਾ ਆਗਾਜ਼ ਕੀਤਾ।

ਲੋਕ ਗਾਇਕ ਮੰਗਜੀਤ ਮੰਗਾ ਅਤੇ ਤਰਸੇਮ ਅਟਵਾਲ ਨੇ ਆਪਣੇ ਗੀਤ ਰਾਹੀਂ ਮੰਤਰ ਮੁਗਧ ਕੀਤਾ। ਵੁਪਰੰਤ ਪ੍ਰਗਟ ਸਿੰਘ ਹੁੰਦਲ, ਰਾਜ ਕੁਮਾਰ, ਦਲਜੀਤ ਸੂਦ, ਪ੍ਰਮਿੰਦਰ ਰਾਏ, ਅਜੀਤ ਰਾਮ ਬੰਗੜ, ਜੀਵਨ ਰੱਤੂ, ਇੰਦਰਜੀਤ ਗਰੇਵਾਲ, ਗਠੇਸ਼ਵਰ ਸਿੰਘ ਸੂਰਾਪੁਰੀ, ਜਸਵੰਤ ਜੱਸੀ ਸ਼ੀਮਾਰ, ਰਮੇਸ਼ ਬੰਗੜ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਦਿਲਵੀਰ ਦਿਲ ਨਿੱਜਰ, ਜੋਤੀ ਸਿੰਘ, ਅਜੀਤ ਕੌਰ ਸੇਖੋਂ ਨੇ ਆਪੋ ਆਪਣੀਆਂ ਕਵਿਤਾਵਾਂ, ਗ਼ਜ਼ਲਾਂ ਅਤੇ ਗੀਤਾਂ ਰਾਹੀਂ ਪੂਰਾ ਰੰਗ ਬੰਨ੍ਹਿਆ, ਜਿਸ ਦੀ ਮਿਸਾਲ ਹਾਲ ਵਿਚ ਗੂੰਜ ਰਹੀਆਂ ਤਾੜੀਆਂ ਦੇ ਰਹੀਆਂ ਸਨ। ਅੰਤ ਵਿਚ ਆਪਦੇ ਸਮਾਪਤੀ ਭਾਸ਼ਣ ਵਿਚ ਸਭਾ ਦੇ ਪ੍ਰਧਾਨ ਦਿਲਵੀਰ ਦਿਲ ਨਿੱਜਰ ਨੇ ਆਏ ਸਾਰੇ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਅਤੇ ਗੁਰੂ ਘਰ ਦੀ ਕਮੇਟੀ ਦੇ ਪ੍ਰਬੰਧਕਾਂ ਦਾ, ਸਭਾ ਨੂੰ ਸਹਿਯੋਗ ਦੇਣ ਲਈ ਅਤੇ ਚਾਹ ਪਾਣੀ ਅਤੇ ਲੰਗਰ ਦੀ ਸੇਵਾ ਲਈ ਧੰਨਵਾਦ ਕਰਦਿਆਂ, ਸਭਾ ਦੀ ਅਗਲੀ ਮਾਹਵਾਰ ਇਕੱਤਰਤਾ ਨਵੰਬਰ 30, 2014 ਨੂੰ ਇਸੇ ਹੀ ਹਾਲ ਵਿਚ ਕਰਨ ਲਈ ਸਾਰੇ ਪੰਜਾਬੀ ਹਿਤੈਸ਼ੀਆਂ ਨੂੰ ਪਹੁੰਚਣ ਦੀ ਬੇਨਤੀ ਕਰਦਿਆਂ ਸਭਾ ਦੀ ਮੀਟਿੰਗ ਦੀ ਸਮਾਪਤ ਕੀਤੀ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨਾਲ ਜੁੜਨ ਲਈ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਆਪ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ:

ਪ੍ਰਧਾਨ ਦਿਲਵੀਰ ਦਿਲ ਨਿੱਜਰ (916-628-2210

ਸਾਹਿਤ ਸਕੱਤਰ- ਇੰਦਰਜੀਤ ਸਿੰਘ ਗਰੇਵਾਲ 916-248-1535

ੴ ਸਤਿਗੁਰ ਪ੍ਰਸਾਦਿ

ਐਸੀ ਲਾਲ ਤੁਝ ਬਿਨੁ ਕਉਨ ਕਰੈ। ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ।
ਨਾਥ ਕਛੂ ਨਾ ਜਾਨਓ। ਮਨ ਮਾਇਆ ਹੈ ਹਾਥ ਬਿਕਾਨੋ।

# ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ

## 61-01 Broadway, Woodside NY 11377



ਗੁਰੂ ਰਵਿਦਾਸ ਜੀ

### ਪ੍ਰੋਗਰਾਮ ਦਾ ਵੇਰਵਾ

**7 ਦਸੰਬਰ 2014** ਦਿਨ ਐਤਵਾਰ ਨੂੰ ਦਲਿਤਾਂ ਦੇ ਮਸੀਹਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮਰਾਓ ਰਾਮਜੀ ਅੰਬੇਡਕਰ ਜੀ ਦੇ 58ਵੇਂ ਪ੍ਰੀਨਿਰਵਾਣ ਦਿਵਸ ਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ ਵਿਖੇ ਸਰਧਾਂਜਲੀ ਸਮਾਰੋਹ ਆਯੋਜਿਤ ਕੀਤਾ ਜਾਵੇਗਾ, ਜਿਸ ਵਿਚ ਰਾਗੀ, ਢਾਡੀ ਜਥਿਆਂ ਤੋਂ ਇਲਾਵਾ ਨਾਮਵਰ ਬੁਲਾਰੇ ਬਾਬਾ ਸਾਹਿਬ ਜੀ ਦੇ ਜੀਵਨ ਤੇ ਮਿਸ਼ਨ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਣਗੇ। ਇਸ ਸਬੰਧਤ 5 ਦਸੰਬਰ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਤੇ 7 ਦਸੰਬਰ ਦਿਨ ਐਤਵਾਰ ਨੂੰ ਭੋਗ ਪਾਏ ਜਾਣਗੇ।

7 ਦਸੰਬਰ ਦਿਨ ਐਤਵਾਰ ਦਾ ਸਮੁੱਚਾ ਦੀਵਾਨ ਨਵੀਂ ਕਮੇਟੀ ਦੇ ਸੇਵਾ ਸੰਭਾਲ਼ ਵਿੱਚ ਆਉਣ ਤੇ ਸਤਿਗੁਰੂ ਦਾ ਸ਼ੁਕਰਾਨਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਪ੍ਰੀ ਨਿਰਮਾਣ ਦਿਵਸ ਮਨਾਇਆ ਜਾ ਰਿਹਾ ਹੈ। 5 ਤੋਂ 7 ਦਸੰਬਰ ਤੱਕ ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਨਵੇਂ ਪ੍ਰਬੰਧਕੀ ਸੇਵਾਦਾਰਾਂ ਵਲੋਂ ਕੀਤੀ ਜਾਵੇਗੀ।



ਬਾਬਾ ਸਾਹਿਬ ਡਾ. ਅੰਬੇਡਕਰ

ਬੇਨਤੀ ਕੀਤੀ ਜਾਂਦੀ ਹੈ ਕਿ ਆਪ ਅਤੇ ਸਮੂਹ ਪਰਿਵਾਰਾਂ ਸਮੇਤ ਹਾਜ਼ਰੀ ਲਗਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।



ਗੁਰੂ ਪਿਆਰੀ ਸਾਧ ਸੰਗਤ ਜੀ,
ਆਪ ਜੀ ਨੂੰ ਸਤਿਕਾਰ ਸਹਿਤ ਬੇਨਤੀ ਕੀਤੀ ਜਾਂਦੀ ਹੈ ਆਉਣ ਵਾਲੇ ਸਮੇਂ ਵਿਚ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਘਰ ਦੀ ਇਮਾਰਤ ਨੂੰ ਨਵੀਂ ਦਿੱਖ ਇਸ ਮਾਡਲ ਵਾਂਗਰਾਂ ਦਿੱਤੀ ਜਾਵੇਗੀ। ਸੋ ਆਪਣੀਆਂ ਸੱਚੀਆਂ-ਸੁੱਚੀਆਂ ਕਿਰਤ-ਕਮਾਈਆਂ ਵਿਚੋਂ ਦਸਵੰਧ ਕੱਢ ਕੇ ਗੁਰੂ ਘਰ ਦੀ ਇਮਾਰਤ ਦੇ ਇਕ ਖੂਬਸੂਰਤ ਸੁਪਨੇ ਨੂੰ ਸਾਕਾਰ ਕਰਨ ਲਈ ਤਨੋ-ਮਨੋ-ਧਨੋ ਸਹਿਯੋਗ ਦਿਓ ਜੀ।

ਗੁਰੂ ਕੇ ਲੰਗਰ ਅਤੁੱਟ ਵਰਤਣਗੇ।

## ਆਪ ਸਭ ਸੰਗਤਾਂ ਦੇ ਦਰਸ਼ਨਾਂ ਦੇ ਉਡੀਕਵਾਨ ਸਮੂਹ ਪ੍ਰਬੰਧਕ ਤੇ ਸਮੂਹ ਟਰੱਸਟ ਕਮੇਟੀਆਂ

ਚੇਅਰਮੈਨ: ਭੁਪਿੰਦਰ ਸਿੰਘ 718-450-7246
ਮੁੱਖ ਸੇਵਾਦਾਰ: ਸ. ਨਿਰਮਲ ਸਿੰਘ 347-538-8296
ਕੈਸ਼ੀਅਰ: ਰਾਮ ਲਾਲ ਬਾਲੂ 347-441-8974
ਜਨਰਲ ਸਕੱਤਰ: ਪ੍ਰਕਾਸ਼ ਨੈਨੀ 347-824-1616

## ਹੋਰ ਜਾਣਕਾਰੀ ਲਈ ਸੰਪਰਕ ਕਰੋ: ਗੁਰੂ ਘਰ

# 718- 898- 8150

# Shri Guru Ravidass Temple New York

# ਸੰਤ ਰਾਮ ਉਦਾਸੀ ਦੀ ਯਾਦ ਵਿਚ ਗੀਤਕਾਰੀ ਮੰਚ ਵਲੋਂ ਸਮਾਗਮ

ਸੈਕਰਾਮੈਂਟੋ (ਬਿਊਰੋ)- ਪੰਜਾਬੀ ਗੀਤਕਾਰੀ ਮੰਚ ਕੈਲੀਫੋਰਨੀਆ ਵਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ, ਰੀਓ ਲਿੰਡਾ (ਸੈਕਰਾਮੈਂਟੋ) ਵਿਖੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਮਰਹੂਮ ਗਾਇਕ ਲਾਲ ਚੰਦ ਯਮਲਾ ਜੱਟ ਦੇ ਪੁੱਤਰ ਜਸਦੇਵ ਯਮਲ ਨਾਲ ਰੂਬਰੂ ਸਮਾਗਮ ਕੀਤਾ ਗਿਆ। ਸਮਾਗਮ ਦਾ ਆਗਾਜ਼ ਕਰਦਿਆਂ ਮੰਚ ਦੇ



ਜਨਰਲ ਸਕੱਤਰ ਬਿੱਕਰ ਸਿੰਘ ਕੰਮੇਆਣਾ ਨੇ ਕਿਹਾ ਕਿ ਮਰਹੂਮ ਪ੍ਰਸਿਧ ਇਨਕਾਲਬੀ ਕਵੀ ਸੰਤ ਰਾਮ ਉਦਾਸੀ ਦੀ ਸ਼ਾਇਰੀ ਤੇ ਗਾਇਕੀ ਲੁੱਟੇ ਤੇ ਕੁੱਟੇ ਜਾ ਰਹੇ ਲੋਕਾਂ ਨੂੰ ਲੋਕ-ਪੱਖੀ ਅਗਾਂਹਵਧੂ ਲਹਿਰਾਂ ਨਾਲ ਜੋੜਦੀ ਹੈ। ਉਨ੍ਹਾਂ ਕਿਹਾ ਕਿ ਉਦਾਸੀ ਨੂੰ ਸੱਚੀ ਸ਼ਰਧਾਂਜਲੀ ਇਹੋ ਹੈ ਕਿ ਜਾਤਾਂ-ਪਾਤਾਂ ਵਿਚ ਵੰਡੇ ਸਮਾਜ ਤੇ ਕਿਰਤੀ ਵਰਗ ਨੂੰ ਉਸ ਦੀ ਲੋਕ ਸੰਘਰਸ਼ ਨਾਲ ਜੋੜਨ ਵਾਲੀ ਸੋਚ ਨੂੰ ਬਚਾਇਆ ਜਾਵੇ। ਸਮਾਗਮ ਦੀ ਰੂਬਰੂ ਕੜੀ ਸਬੰਧੀ ਵਿਚਾਰ ਰੱਖਦਿਆਂ ਸ੍ਰੀ ਕੰਮੇਆਣਾ ਨੇ ਕਿਹਾ ਕਿ ਤੂੰਬੀ ਪੰਜਾਬੀਆਂ ਦਾ ਹਰਮਨ ਪਿਆਰਾ ਮੁਕੰਮਲ ਸਾਜ਼ ਹੈ।

ਇਸ ਮੌਕੇ ਸ਼ਾਇਰ ਸੁਖਵਿੰਦਰ ਕੰਬੋਜ਼ ਨੇ ਕਿਹਾ ਕਿ ਕਿਰਤੀ ਵਰਗ ਵਿਚ ਪੈਦਾ ਹੋਏ ਕੰਮੀਆਂ ਦੇ ਵਿਹੜੇ ਦੇ ਸੂਰਜ ਉਦਾਸੀ ਨੇ ਆਪਣੀ ਕਲਮ, ਆਵਾਜ਼ ਤੇ ਆਪਣਾ ਸਭ ਕੁਝ ਲੋਕ ਸੰਘਰਸ਼ ਤੋਂ ਵਾਰ ਦਿੱਤਾ। ਪੱਤਰਕਾਰ ਤੇ ਲੇਖਕ ਐਸ. ਅਸ਼ੋਕ ਭੌਰਾ ਨੇ ਕਿਹਾ ਕਿ ਲੱਚਰ ਤੇ ਲਫੰਡਰ ਕਿਸਮ ਦੀ ਗਾਇਕੀ ਠੱਲ੍ਹ ਪਾਉਣ ਲਈ ਸੰਤ ਰਾਮ ਉਦਾਸੀ ਤੇ ਲਾਲ ਚੰਦ ਯਮਲਾ ਜੱਟ ਵਰਗੇ ਸਮਾਜ ਤੇ ਸਭਿਆਚਾਰ ਨੂੰ ਸਮਝਣ ਵਾਲੇ ਗਾਇਕਾਂ ਦੀ ਲੋੜ ਹੈ। ਲੇਖਕ ਮੋਹਨ ਰਾਮ ਪਾਲ ਨੇ ਕਿਹਾ ਕਿ ਗੀਤਕਾਰਾਂ ਨੂੰ ਸਮਾਜ ਦੀ ਸਾਂਝੀਵਾਲਤਾ ਦੇ ਗੀਤ ਲਿਖਣੇ ਚਾਹੀਦੇ ਹਨ।

ਚੇਅਰਮੈਨ ਜੱਸੀ ਬੰਗਾ ਅਤੇ ਡਾ. ਅਮਰੀਕ ਸਿੰਘ ਨੇ ਵੀ ਸੰਬੋਧਨ ਕੀਤਾ। ਗਾਇਕ ਜਸਦੇਵ ਯਮਲਾ ਨੇ ਕਿਹਾ ਕਿ ਆਪਣੇ ਪੁਰਖਿਆਂ ਤੋਂ ਸਿੱਖ ਹੋਏ ਸੰਗੀਤ ਦੀ ਬਦੌਲਤ ਉਹ ਤੂੰਬੀ ਨੂੰ ਲੋਕ ਗੀਤਾਂ ਤੋਂ ਲੈ ਕੇ ਸਾਸ਼ਤਰੀ ਸੰਗੀਤ ਤੱਕ ਸੁਰਬੱਧ ਕਰਕੇ ਹਰ ਛੰਦ ਤੇ ਹਰ ਰਾਗ ਨਾਲ ਵਜਾ ਸਕਦਾ ਹੈ।

ਗਜ਼ਲਗੋ ਕੁਲਵਿੰਦਰ ਤੇ ਕਮਲਦੇਵ ਪਾਲ ਨੇ ਆਪਣੀਆਂ ਗਜ਼ਲਾਂ ਤੇ ਸ਼ੇਅਰਾਂ ਨਾਲ ਵਾਹ ਵਾਹ ਖੱਟੀ। ਮੰਚ ਸੰਚਾਲਨ ਕਰਦਿਆਂ ਮੰਚ ਦੇ ਪ੍ਰਧਾਨ ਗੀਤਕਾਰ ਮੱਖਣ ਲੁਹਾਰ ਨੇ ਪਹੁੰਚੇ ਕਵੀਆਂ, ਲੇਖਕਾਂ ਅਤੇ ਬੁਲਾਰਿਆਂ ਨੂੰ ਪੇਸ਼ ਕਰਦਿਆਂ ਸਮਾਗਮ ਨੂੰ ਇਕ ਲੜੀ ਵਿਚ ਪਰੋਈ ਰੱਖਿਆ।

ਇਸ ਮੌਕੇ ਸਥਾਨਕ ਗਾਇਕ ਗੋਗੀ ਸੰਧੂ, ਤਰਲੋਕ ਸਿੰਘ, ਸੱਤੀ ਪਾਬਲਾ, ਮੰਗਜੀਤ ਮੰਗਾ, ਜੀਵਨ ਰੱਤੂ ਤੇ ਜਸਵਿੰਦਰ ਮਦਾੜ ਨੇ ਆਪਣੀ ਗਾਇਕੀ ਰਾਹੀਂ ਹਾਜ਼ਰੀਨ ਦਾ ਮਨੋਰੰਜਨ ਕੀਤਾ।

ਸਮਾਗਮ ਦੌਰਾਨ ਪੰਜਾਬੀ ਗੀਤਕਾਰੀ ਮੰਚ ਅਤੇ ਵਿਪਸਾ ਨੇ ਜਸਦੇਵ ਯਮਲਾ ਦਾ ਸਨਮਾਨ ਕਰਦਿਆਂ ਨਕਦ ਰਾਸ਼ੀ ਭੇਟ ਕੀਤੀ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਹੋਰਨਾਂ ਤੋਂ ਇਲਾਵਾ ਅਮਰ ਦੜੌਚ, ਰਾਜ ਕੁਮਾਰ ਸੂਦ, ਜੀਵਨ ਰੱਤੂ, ਰਮੇਸ਼ ਬੰਗੜ, ਦੀਪਕ ਸਰੋਏ, ਗੁਰਦੇਵ ਸਿੰਘ ਘਣਗਸ, ਤਾਰਾ ਸਿੰਘ ਸਾਗਰ, ਹਰਬੰਸ ਰੱਲ੍ਹ, ਸੁਨੀਤਾ ਸਰੋਏ, ਕਮਲਜੀਤ ਕੌਰ, ਜਸਵੰਤ ਸ਼ੀਮਾਰ ਅਤੇ ਨਾਨਕ ਸਿੰਘ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ।

# ਆਈ.ਟੀ.ਵਲੰਟੀਅਰਾਂ ਨੂੰ ਸੱਤ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ

ਸੜੋਆ (ਸਤਨਾਮ ਸਿੰਘ ਸਹੂੰਗੜਾ) ਆਈ. ਟੀ. ਵਲੰਟੀਅਰ ਯੂਨੀਅਨ ਦੇ ਜਿਹਨਾਂ ਆਗੂਆਂ ਬਲਵਿੰਦਰ ਸਿੰਘ ਤੇ ਡੀ. ਟੀ. ਐਫ. ਦੇ ਸੂਬਾ ਕਮੇਟੀ ਮੈਂਬਰ ਮਾਸਟਰ ਮੁਕੇਸ਼ ਕੁਮਾਰ ਨੇ ਆਖਿਆ ਕਿ ਕੇਂਦਰ ਸਰਕਾਰ ਵੱਲੋਂ ਵੱਖ-ਵੱਖ ਵਰਗਾਂ ਦੇ ਬੱਚਿਆਂ ਨੂੰ ਲਾਜ਼ਮੀ ਸਿੱਖਿਆ ਦੇਣ ਦੇ ਉਦੇਸ਼ ਨਾਲ ਪੂਰੇ ਪੰਜਾਬ ਵਿਚ 1358 ਆਈ. ਟੀ. ਐਜੂਕੇਸ਼ਨ ਵਲੰਟੀਅਰ ਭਰਤੀ ਕੀਤੇ ਗਏ ਸਨ ਤੇ ਹੁਣ ਇਹਨਾਂ ਨੂੰ ਸਰਕਾਰ ਪਿਛਲੇ ਸੱਤ ਮਹੀਨੇ ਤੋਂ ਤਨਖਾਹਾਂ ਨਾ ਦੇ ਕੇ ਇਹਨਾਂ ਦੇ ਘਰ ਬਲਦੇ ਚੁੱਲ੍ਹਿਆਂ ਦੀ ਅੱਗ ਬੁਝਾਉਣ ਵਾਸਤੇ ਉਤਾਰੂ ਨਜ਼ਰ ਆਉਂਦੀ ਹੈ। ਸੱਤ ਮਹੀਨੇ ਤੋਂ ਇਹ ਵਲੰਟੀਅਰ ਕੰਮ ਤਾਂ ਕਰੀ ਜਾ ਰਹੇ ਹਨ ਪਰ ਸਰਕਾਰ ਤਨਖਾਹਾਂ ਨਹੀਂ ਦੇ ਰਹੀ। ਜਿਸ ਨਾਲ ਇਹਨਾਂ ਦੇ ਘਰਾਂ ਦਾ ਗੁਜ਼ਾਰਾ ਬੇਹੱਦ ਮੁਸ਼ਕਿਲ ਹੋ ਗਿਆ ਹੈ। 4500 ਰੁਪਏ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਭਰਤੀ ਕੀਤੇ ਗਏ ਇਨਕਲੂਸਿਵ ਐਜੂਕੇਸ਼ਨ ਵਲੰਟੀਅਰ ਲੰਮੇ ਸਮੇਂ ਤੋਂ ਤਨਖਾਹ ਵਾਸਤੇ ਸਰਕਾਰ ਦੇ ਹਾੜੇ ਕੱਢ ਰਹੇ ਹਨ ਪਰ ਸਰਕਾਰ ਬੋਲੀ ਬਣੀ ਬੈਠੀ ਹੈ। ਜਿਸ ਕਰਕੇ ਮਜ਼ਬੂਰੀ ਵਿਚ ਇਹ ਵਲੰਟੀਅਰ ਸੰਘਰਸ਼ ਦੇ ਰਸਤੇ ਤੁਰਨ ਵਾਸਤੇ ਮਜ਼ਬੂਰ ਹੋ ਜਾਣਗੇ। ਡੀ. ਟੀ. ਐਫ. ਆਗੂਆਂ ਮਾਸਟਰ ਸੁਖਦੇਵ ਸਿੰਘ, ਮਨਜੀਤ ਸਿੰਘ, ਨਰੇਸ਼ ਕੁਮਾਰ, ਸੱਤਪਾਲ ਆਦਿ ਨੇ ਆਈ. ਟੀ. ਵਲੰਟੀਅਰਾਂ ਵੱਲੋਂ ਦਿੱਤੇ ਜਾ ਰਹੇ ਧਰਨਿਆਂ ਦੀ ਡਟਵੀਂ ਹਮਾਇਤ ਕਰਦਿਆਂ ਸਰਕਾਰ ਤੋਂ ਇਹਨਾਂ ਦੀਆਂ ਰੁਕੀਆਂ ਤਨਖਾਹਾਂ ਜਾਰੀ ਕਰਨ ਦੀ ਮੰਗ ਕੀਤੀ ਹੈ। ਇਸ ਮੌਕੇ ਤੇ ਸੰਦੀਪ ਕੁਮਾਰ, ਜਗਦੀਪ ਕੁਮਾਰ ਤੇ ਸਤਨਾਮ ਸਿੰਘ ਆਦਿ ਵੀ ਹਾਜ਼ਰ ਸਨ।

We pay our glowing tribute to

**Bharat Rattan Baba Sahib Dr. Ambedkar**

on his 58th Prinirvan Divas






Mrs. & Mr. Harblass Ralh with his son Mr. Dilwinder Ralh & his family

ਖੁਸ਼ਖਬਰੀ **ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ** ਖੁਸ਼ਖਬਰੀ

**ARMAAN MUSIC PRODUCTION STUDIO**

ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਸਾਡੇ ਕੋਲ ਪੂਰੇ ਹੈ ਹਾਈਟੈਕ Equipment ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-242-3642**

Email:- NEWZINDGI@GMAIL.COM

# ਧਰਮਾਂ ਵਿਚ ਚਮਤਕਾਰ ਯਥਾਰਥ ਨਹੀਂ, ਸਗੋਂ ਕਲਪਨਾ ਹਨ



ਐਚ. ਐਲ. ਕਪੂਰ
916-587-4002

ਅਜੋਕੇ ਸੰਸਾਰ ਦਾ ਅੱਜ ਵਿਗਿਆਨਕ ਚਿੰਤਨ ਇੰਨਾ ਹੋ ਰਿਹਾ ਹੈ ਕਿ ਮਨੁੱਖ ਦੀ ਸੋਚ ਪਲ-ਪਲ 'ਤੇ ਬਦਲ ਰਹੀ ਹੈ, ਪਰ ਫਿਰ ਵੀ ਉਹ ਕਰਾਮਾਤਾਂ ਤੇ ਚਮਤਕਾਰਾਂ ਵਿਚ ਆਪਣਾ ਵਿਸ਼ਵਾਸ ਘੱਟ ਨਹੀਂ ਕਰ ਰਿਹਾ। ਸਾਡੇ ਕੋਲ ਚਾਹੇ ਸੰਤਾਨ ਦੀ ਘਾਟ ਹੋਵੇ, ਪੈਸੇ ਧੇਲੇ ਦੀ ਘਾਟ ਹੋਵੇ, ਮਨੁੱਖ ਨੂੰ ਕਿਸੇ ਲਾਇਲਾਜ ਰੋਗ ਨੇ ਘੇਰ ਲਿਆ ਹੋਵੇ ਜਾਂ ਮਨੁੱਖ ਕਿਸੇ ਸਮਾਜਿਕ ਮੁਸ਼ਕਿਲ ਵਿਚ ਘਿਰ ਗਿਆ ਹੋਵੇ, ਮਨੁੱਖ ਦਾ ਧਿਆਨ ਕਿਸੇ ਚਮਤਕਾਰ ਵੱਲ ਹੀ ਜਾਂਦਾ ਹੈ। ਮਨੁੱਖ ਇਹਨਾਂ ਮੁਸ਼ਕਿਲਾਂ ਲਈ ਕੋਈ ਵਿਗਿਆਨਕ ਹੱਲ ਲੱਭਣ ਦੀ ਬਜਾਏ ਉਸ ਦਾ ਧਿਆਨ ਕਿਸੇ ਸਾਧੂ-ਸੰਤ, ਬਾਬੇ, ਮਹਾਤਮਾ, ਗੁਰੂ-ਪੀਰ ਤੇ ਔਲੀਏ ਵੱਲ ਜਾਂਦਾ ਹੈ। ਉਹ ਸੋਚਦਾ ਹੈ ਕਿ ਇਹ ਮੁਸ਼ਕਿਲਾਂ ਜਾਂ ਰੋਗ ਇਹਨਾਂ ਬਾਬਿਆਂ ਦੇ ਚਮਤਕਾਰੀ ਆਸ਼ੀਰਵਾਦ ਨਾਲ ਪਲਾਂ ਵਿਚ ਹੀ ਠੀਕ ਹੋ ਜਾਵੇਗਾ ਪਰ ਇੰਝ ਹੁੰਦਾ ਨਹੀਂ ਹੈ।

ਕਰਾਮਾਤ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ- ਚਮਤਕਾਰ, ਅਲੌਕਿਕ, ਗੈਬੀ-ਸ਼ਕਤੀ, ਕਿਸੇ ਕੰਮ ਨੂੰ ਬੜੀ ਸਫਲਤਾ ਨਾਲ ਕਰਕੇ ਦਿਖਾ ਦੇਣਾ ਆਦਿਕ। ਕੋਈ ਅਜਿਹੀ ਘਟਨਾ ਜਾਂ ਗੱਲ ਜੋ ਕੁਦਰਤ ਦੇ ਅਸੂਲਾਂ ਦੇ ਖਿਲਾਫ ਹੋਵੇ ਜਾਂ ਇਸ ਦਾ ਨਤੀਜਾ ਨਾ ਹੋਵੇ, ਇਸ ਨੂੰ ਦਲੀਲ ਨਾਲ ਸਮਝਾਇਆ ਨਾ ਜਾ ਸਕੇ, ਜਿਸਦਾ ਆਧਾਰ ਸਿਰਫ ਤੇ ਸਿਰਫ ਅੰਧ-ਵਿਸ਼ਵਾਸ ਹੋਵੇ ਨੂੰ ਕਰਾਮਾਤ ਜਾਂ ਚਮਤਕਾਰ ਕਿਹਾ ਜਾਂਦਾ ਹੈ।

ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਅਜਿਹੀਆਂ ਖ਼ਬਰਾਂ ਤੇ ਇਸ਼ਤਿਹਾਰ ਦੇਖਣ ਨੂੰ ਮਿਲਦੇ ਹਨ, ਜਿਹਨਾਂ ਵਿਚ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਦਾ ਵਰਣਨ ਹੁੰਦਾ ਹੈ। ਕਿਸੇ ਆਦਮੀ ਦੇ ਔਲਾਦ ਨਹੀਂ ਸੀ ਹੁੰਦੀ, ਉਹ ਬੰਦਾ ਇਕ ਧਰਮ ਗੁਰੂ ਜਾਂ ਬਾਬੇ ਦੀ ਸ਼ਰਨ ਵਿਚ ਗਿਆ ਤੇ ਉਸ ਦੇ ਆਸ਼ੀਰਵਾਦ ਨਾਲ ਉਸ ਦੇ ਘਰ ਸੰਤਾਨ ਨੇ ਜਨਮ ਲਿਆ। ਇਕ ਲੜਕੇ ਨੂੰ ਕੁਝ ਦਿਖਾਈ ਨਹੀਂ ਦਿੰਦਾ ਸੀ, ਧਰਮ ਗੁਰੂ ਜਾਂ ਬਾਬਾ ਜੀ ਦੀ ਉਸ ਉਤੇ ਕਿਰਪਾ ਹੋਈ ਤਾਂ ਉਸ ਨੂੰ ਦਿਖਾਈ ਦੇਣ ਲੱਗ ਪਿਆ। ਇਕ ਲੜਕੀ ਜਨਮ ਤੋਂ ਗੂੰਗੀ ਸੀ ਤੇ ਜਦੋਂ ਧਰਮ ਗੁਰੂ ਦੀ ਸ਼ਰਨ ਵਿਚ ਆਈ ਤਾਂ ਉਹ ਬੋਲਣ ਲੱਗ ਪਈ। ਇਕ ਆਦਮੀ ਗਠੀਏ ਦੀ ਬਿਮਾਰੀ ਤੋਂ ਬੁਰੀ ਤਰ੍ਹਾਂ ਪੀੜਤ ਸੀ। ਉਹ ਚੱਲ ਫਿਰ ਨਹੀਂ ਸਕਦਾ ਸੀ। ਧਰਮ ਗੁਰੂ ਦੇ ਵਰਦਾਨ ਨਾਲ ਉਹ ਦੌੜਨ ਲੱਗ ਪਿਆ। ਮੇਰੇ ਗੁਆਂਢ ਵਿਚ ਇਕ ਬੀਬੀ ਕਿਸੇ ਧਰਮ ਗੁਰੂ ਦੀ ਚੇਲੀ ਸੀ, ਉਹ ਆਪਣੇ ਘਰ ਉਸ ਧਰਮ ਗੁਰੂ ਦੀ ਚੌਕੀ ਤੇ ਸਤਸੰਗ ਲਗਾਉਂਦੀ ਸੀ। ਉਹ ਸਤਸੰਗ ਵਿਚ ਇਕੱਠੇ ਹੋਏ ਆਦਮੀਆਂ ਤੇ ਬੀਬੀਆਂ ਨੂੰ ਪ੍ਰਚਾਰ ਕਰਿਆ ਕਰੇ ਕਿ ਇਕ ਆਦਮੀ ਕੈਂਸਰ ਦੇ ਰੋਗ ਤੋਂ ਬਹੁਤ ਬੁਰੀ ਤਰ੍ਹਾਂ ਪੀੜਤ ਸੀ। ਉਸ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਡਾਕਟਰਾਂ ਨੇ ਜੁਆਬ ਦੇ ਦਿੱਤਾ ਕਿ ਇਸ ਦੀ ਘਰ ਜਾ ਕੇ ਸੇਵਾ ਕਰੋ, ਪਰ ਜਿਉਂ ਹੀ ਉਹ ਸਾਡੇ ਧਰਮ ਗੁਰੂ ਦੀ ਸ਼ਰਨ ਆਇਆ ਤਾਂ ਗੁਰੂ ਜੀ ਦੀ ਕਿਰਪਾ ਨਾਲ ਉਸ ਦਾ ਕੈਂਸਰ ਖਤਮ ਹੋ ਗਿਆ। ਮੈਂ ਇਕ ਦਿਨ ਉਸ ਨੂੰ ਪੁੱਛ ਲਿਆ, ਬੀਬੀ ਜੀ ਕਿਉਂ ਨਾ ਤੁਹਾਡੇ ਧਰਮ ਗੁਰੂ ਨੂੰ ਪੀ. ਜੀ. ਆਈ ਚੰਡੀਗੜ੍ਹ ਦੇ ਹਸਪਤਾਲ ਵਿਚ ਬਿਠਾ ਦਿੱਤਾ ਜਾਵੇ, ਕਿਉਂਕਿ ਉਥੇ ਕੈਂਸਰ ਦੇ ਮਰੀਜ਼ ਬਹੁਤ ਦਾਖਲ ਹਨ, ਵਿਚਾਰੇ ਠੀਕ ਹੋ ਜਾਣਗੇ? ਉਹ ਬੀਬੀ ਮੇਰੇ ਨਾਲ ਧਰਮ ਗੁਰੂ ਨੂੰ ਇਹ ਕਹਿਣ ਬਦਲੇ ਲੜਨ ਤੱਕ ਗਈ। ਇਸ ਤਰ੍ਹਾਂ ਜੋਤਸ਼ੀ ਵੀ ਆਪਣੇ ਮੱਕੜ ਜਾਲ ਵਿਚ ਫਸਾ ਕੇ ਲੋਕਾਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦਾ ਉਪਾਅ ਦੱਸਦੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਦਾ ਵਰਣਨ ਅਕਸਰ ਅਖ਼ਬਾਰਾਂ ਜਾਂ ਰਸਾਲਿਆਂ ਜਾਂ ਟੀ. ਵੀ. ਚੈਨਲਾਂ ਤੇ ਅਕਸਰ ਦੇਖਣ ਨੂੰ ਮਿਲ ਜਾਂਦਾ ਹੈ।

ਦੁਨੀਆਂ ਦੇ ਸਾਰੇ ਧਰਮਾਂ ਵਿਚ ਅਜਿਹੇ ਚਮਤਕਾਰਾਂ ਤੇ ਕਰਾਮਾਤਾਂ ਦੀ ਗੱਲ ਕੀਤੀ ਜਾਂਦੀ ਹੈ। ਸਾਰੇ ਧਰਮ ਆਪਣੇ-ਆਪਣੇ ਗੁਰੂਆਂ, ਪੀਰਾਂ, ਪੈਗੰਬਰ ਦੀ ਜੀਵਨੀ ਨਾਲ ਕਈ ਤਰ੍ਹਾਂ ਦੇ ਚਮਤਕਾਰ ਜੋੜ ਕੇ ਬੜੇ ਫਖਰ ਨਾਲ ਗੱਲ ਕਰਦੇ ਹਨ। ਇਸਲਾਮ ਧਰਮ ਵਿਚ ਵੀ ਅਜਿਹੇ ਕਈ ਤਰ੍ਹਾਂ ਦੇ ਚਮਤਕਾਰਾਂ ਦੀਆਂ ਮਿਥਿਹਾਸਕ ਕਹਾਣੀਆਂ ਪ੍ਰਸਿੱਧ ਹਨ। ਈਦ-ਉਲ-ਜੂਹਾ ਜਿਹੜਾ ਕਿ ਬਕਰੀਦ ਦੇ ਨਾਮ ਨਾਲ ਬਹੁਤ ਪ੍ਰਸਿੱਧ ਹੈ। ਇਸ ਵਿਚ ਆਮ ਤੌਰ ਤੇ ਭੇਡਾਂ-ਬੱਕਰੀਆਂ ਦੀ ਕੁਰਬਾਨੀ ਬਹੁਤ ਹੀ ਉੱਚ-ਪੱਧਰ ਤੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀ ਦਿੱਤੀ ਗਈ ਕੁਰਬਾਨੀ ਦੀ ਇਸਲਾਮ ਧਰਮ ਵਿਚ ਬੜੀ ਮਾਨਤਾ ਹੈ। ਇਸ ਨਾਲ ਇਕ ਬੜੀ ਚਮਤਕਾਰੀ ਘਟਨਾ ਜੁੜੀ ਹੋਈ ਹੈ। ਇਸ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਜ਼ਰਤ ਇਬਰਾਹੀਮ ਨੇ ਅੱਲਾਹ ਤਾਲਾ ਨੂੰ ਖੁਸ਼ ਕਰਨ ਲਈ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦਾ ਨਿਰਣਾ ਕਰ ਲਿਆ। ਜਦੋਂ ਉਹ ਆਪਣੇ ਪੁੱਤਰ ਦੀ ਗਰਦਨ 'ਤੇ ਛੁਰੀ ਚਲਾਉਣ ਹੀ ਵਾਲੇ ਸਨ ਤਾਂ ਗੈਬਰੀਅਲ ਨਾਂ ਦੇ ਫਰਿਸ਼ਤੇ ਨੇ ਇਸਮਾਈਲ ਨੂੰ ਇਕ ਭੇਡ ਦੇ ਰੂਪ ਵਿਚ ਪ੍ਰੀਵਰਤਤ ਕਰ ਦਿੱਤਾ। ਇਸ ਤਰ੍ਹਾਂ ਕੁਰਬਾਨੀ ਭੇਡ ਦੀ ਹੋ ਗਈ ਤੇ ਇਸਮਾਈਲ ਬਚ ਗਿਆ। ਇਸ ਚਮਤਕਾਰੀ ਘਟਨਾ ਦੀ ਇਬਰਾਹੀਮ ਦੇ ਪੈਰੋਕਾਰਾਂ ਨੇ ਬਾਹਰ ਜਾ ਕੇ ਇਸ ਨੂੰ ਯਥਾਰਥਵਾਦੀ ਬਣਾਉਣ ਲਈ ਬੜੀ ਚਰਚਾ ਕੀਤੀ।

ਅੱਜ ਦੇ ਵਿਗਿਆਨਕ ਯੁੱਗ ਵਿਚ ਲੋਕ ਵੱਡੇ-ਵੱਡੇ ਪੀਰਾਂ-ਪੈਗੰਬਰਾਂ, ਫਕੀਰਾਂ ਤੇ ਔਲੀਆਂ ਦੀਆਂ ਕਬਰਾਂ ਤੇ ਚਾਦਰ ਚੜ੍ਹਾਉਂਦੇ ਹਨ ਤੇ ਇਹਨਾਂ ਦਰਗਾਹਾਂ ਤੇ ਜਾ ਕੇ ਦੁਆਵਾਂ ਮੰਗਦੇ ਤੇ ਮੱਥੇ ਰਗੜਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਅਜਮੇਰ ਸ਼ਰੀਫ ਜਾ ਕੇ ਬਾਦਸ਼ਾਹ ਅਕਬਰ ਨੇ ਖਵਾਜ਼ਾ ਮੋਇਉਦੀਨ ਚਿਸ਼ਤੀ ਦੀ ਦਰਗਾਹ 'ਤੇ ਆਪਣੇ ਪੁੱਤਰ ਸਲੀਮ ਦੀ ਪ੍ਰਾਪਤੀ ਲਈ ਚਾਦਰ ਚੜ੍ਹਾਈ ਤੇ ਮੱਥਾ ਟੇਕਿਆ ਸੀ। ਇਹ ਲੋਕ ਕਥਾ ਬੜੀ ਪ੍ਰਸਿੱਧ ਹੈ। ਔਲਾਦ ਦੀ ਪ੍ਰਾਪਤੀ ਲਈ ਅੱਜ ਵੀ ਹਜ਼ਾਰਾਂ-ਲੱਖਾਂ ਲੋਕ ਇਸ ਦਰਗਾਹ ਤੇ ਜਾਂਦੇ ਹਨ ਤੇ ਚਾਦਰ ਚੜ੍ਹਾਉਂਦੇ ਹਨ। ਇਸਲਾਮ ਧਰਮ ਦੇ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ 'ਕੁਰਾਨ ਸ਼ਰੀਫ' ਵਿਚ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਆਇਤਾਂ ਹਨ, ਜਿਹਨਾਂ ਦਾ ਪਾਠ ਕਰਕੇ ਝਾੜ ਫੂਕ ਕਰਨ ਨਾਲ ਵੱਡੀਆਂ-ਵੱਡੀਆਂ ਬਿਮਾਰੀਆਂ ਤੇ ਇਲਾਮਤਾਂ ਦੂਰ ਹੋ ਜਾਂਦੀਆਂ ਹਨ। ਮੁਸਲਮਾਨਾਂ ਦਾ ਇਹ ਵਿਸ਼ਵਾਸ ਹੈ ਕਿ ਪੈਗੰਬਰਾਂ ਕੋਲ ਅੱਲ੍ਹਾ ਤਾਲਾ ਦੀਆਂ ਦਿੱਤੀਆਂ ਹੋਈਆਂ ਸ਼ਕਤੀਆਂ ਹੁੰਦੀਆਂ ਹਨ, ਜਿਹਨਾਂ ਨਾਲ ਉਹ ਵੱਡੇ-ਵੱਡੇ ਚਮਤਕਾਰ ਤੇ ਕਰਾਮਾਤਾਂ ਕਰ ਸਕਦੇ ਹਨ।

ਹਿੰਦੂ ਧਰਮ ਦੀਆਂ ਮਨੌਤਾਂ ਤਾਂ ਚਮਤਕਾਰਾਂ ਨਾਲ ਭਰੀਆਂ ਪਈਆਂ ਹਨ। ਸ਼ਾਇਦ ਇੰਨੀਆਂ ਮਾਨਤਾਵਾਂ ਦੁਨੀਆਂ ਦੇ ਕਿਸੇ ਹੋਰ ਧਰਮ ਵਿਚ ਨਹੀਂ ਹਨ। ਚਾਰੇ ਵੇਦਾਂ ਅਤੇ ਉਪਨਿਸ਼ਦਾਂ ਵਿਚ ਕਰਾਮਾਤਾਂ ਤੇ ਚਮਤਕਾਰਾਂ ਦਾ ਕੋਈ ਵਰਣਨ ਨਹੀਂ ਹੈ ਪਰ ਪੁਰਾਣ ਚਮਤਕਾਰਾਂ ਨਾਲ ਭਰੇ ਪਏ ਹਨ। ਰਿਸ਼ੀ ਮਾਰਕੰਡੇ ਦਾ ਲਿਖਿਆ ਹੋਇਆ 'ਮਾਰਕੰਡੇ ਪੁਰਾਣ' ਦੀ ਦੁਰਗਾ ਸਪਤਸ਼ਤੀ ਵਿਚ ਕਾਲੀ ਵੱਲੋਂ ਅਨੇਕਾਂ ਰਾਕਸ਼ਾਂ ਤੇ ਦੈਂਤਾਂ ਨੂੰ ਤਲਵਾਰ ਦੇ ਜ਼ੋਰ ਨਾਲ ਮਾਰਨ ਦੇ ਅਨੇਕਾਂ ਚਮਤਕਾਰ ਹਨ। ਭਾਰਤੀ ਸਾਹਿਤ ਦੇ ਇਤਿਹਾਸ ਵਿਚ 'ਰਮਾਇਣ' ਅਤੇ 'ਮਹਾਂਭਾਰਤ' ਦੋ ਬਹੁਤ ਹੀ ਮਹਾਨ ਮਹਾਂਕਾਵਿ ਹਨ, ਇਹਨਾਂ ਮਹਾਂਕਾਵਾਂ ਦੇ ਮੂਲ ਸਰੂਪਾਂ ਵਿਚ ਚਮਤਕਾਰਾਂ ਦੀ ਬਹੁਤੀ ਚਰਚਾ ਨਹੀਂ ਸੀ ਪਰ ਸਮੇਂ ਦੇ ਨਾਲ ਬਦਲਦੇ ਸਰੂਪਾਂ ਵਿਚ ਚਮਤਕਾਰ ਸ਼ਾਮਲ ਹੁੰਦੇ ਗਏ।

ਸਿੱਖ ਧਰਮ ਸੰਸਾਰ ਵਿਚ ਸਭ ਤੋਂ ਨਵੀਨ ਧਰਮ ਹੈ। ਇਸ ਵਿਚ ਕਰਾਮਾਤਾਂ ਕਰਨੀਆਂ ਤੇ ਚਮਤਕਾਰ ਦਿਖਾਉਣ ਦੀ ਮਨਾਹੀ ਹੈ। ਇਸ ਵਿਚ ਕਰਾਮਾਤਾਂ ਤੇ ਚਮਤਕਾਰਾਂ ਨੂੰ ਕਹਿਰ ਕਿਹਾ ਗਿਆ ਹੈ ਤੇ ਇਹਨਾਂ ਵਿਚ ਉੱਕਾ ਹੀ ਵਿਸ਼ਵਾਸ ਨਾ ਕਰਨ ਨੂੰ ਕਿਹਾ ਗਿਆ ਹੈ। ਬਾਬਰ ਨੇ ਜਦੋਂ ਸੈਦਪੁਰ ਤੇ ਹਮਲਾ ਕੀਤਾ ਤਾਂ ਸੈਦਪੁਰ ਦੇ ਹਾਕਮ ਜ਼ਾਲਮ ਖਾਂ ਨੇ ਇਲਾਕੇ ਦੇ ਸਾਰੇ ਪੀਰ-ਫਕੀਰ ਫੜ ਲਏ, ਉਹਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਵੀ ਸ਼ਾਮਲ ਸਨ। ਹਾਕਮ ਨੇ ਇਹਨਾਂ ਸਾਰੇ ਸਾਧੂ-ਫਕੀਰਾਂ ਨੂੰ ਜਬਰੀ ਹੁਕਮ ਦੇ ਕੇ ਕਿਹਾ ਤੇ ਕਰਵਾਇਆ ਵੀ ਕਿ ਤੁਸੀਂ ਸਾਰੇ ਮੰਤਰ ਪੜ੍ਹੋ, ਮਾਲਾ ਫੇਰੋ, ਕਲਮੇ ਪੜ੍ਹੋ ਤੇ ਰਿਧੀਆਂ ਸਿਧੀਆਂ ਕਰੋ ਤਾਂ ਜੋ ਬਾਬਰ ਦੀ ਫੌਜ ਅੰਨ੍ਹੀ ਹੋ ਜਾਵੇ ਤੇ ਅਸੀਂ ਸਾਰੇ ਬਚ ਜਾਈਏ ਪਰ ਇੰਝ ਕਰਨ ਨਾਲ ਕੁਝ ਨਹੀਂ ਹੋਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਹਾਕਮ ਨੂੰ ਕਿਹਾ ਕਿ ਫੌਜਾਂ ਦਾ ਮੁਕਾਬਲਾ ਫੌਜਾਂ ਹੀ ਕਰ ਸਕਦੀਆਂ ਹਨ ਨਾ ਕਿ ਜੰਤਰ-ਮੰਤਰ, ਕਲਮੇ ਤੇ ਮਾਲਾ ਆਦਿਕ। ਬਾਬਰ ਦੀਆਂ ਫੌਜਾਂ ਆਈਆਂ ਤੇ ਸੈਦਪੁਰ ਨੂੰ ਲੁੱਟ-ਪੁੱਟ ਕੇ ਤੁਰਦੀਆਂ ਬਣੀਆਂ। ਇਸ ਘਟਨਾ ਦੀ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਵਿਆਖਿਆ ਕੀਤੀ ਹੈ:

ਕੋਈ ਮੁਗਲ ਨਾ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ।।
ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ।।
ਓਨੀ ਤੁਪਕ ਤਾਣਿ ਚਲਾਈ।।
ਜਿਨਿ ਕੀ ਚੀਰੀ ਦਰਗਾਹ ਪਾਟੀ ਤਿਨ੍ਹਾਂ ਮਰਨਾ ਭਾਈ।।

ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਸਬੰਧਤ ਲਿਖੀਆਂ ਗਈਆਂ ਸਾਖੀਆਂ ਉਹਨਾਂ ਦੀ ਮੌਤ ਤੋਂ ਬਾਅਦ ਲਿਖੀਆਂ ਗਈਆਂ ਹਨ। ਇਸ ਵਿਚ ਸਾਖੀਕਾਰਾਂ ਨੇ ਗੁਰੂ ਸਾਹਿਬ ਦੀ ਜੀਵਨ ਨਾਲ ਕਈ ਚਮਤਕਾਰੀ ਮਿੱਥਾਂ ਜੋੜ ਲਈਆਂ ਹਨ ਜੋ ਉਹਨਾਂ ਦੀ ਜ਼ਿੰਦਗੀ ਦਾ ਯਥਾਰਥ ਨਹੀਂ ਹਨ ਤੇ ਨਾ ਹੀ ਗੁਰਬਾਣੀ ਵਿਚ ਅਜਿਹੇ ਚਮਤਕਾਰਾਂ ਦਾ ਵਰਣਨ ਹੈ ਸਗੋਂ ਚਮਤਕਾਰ ਕਰਨ ਵਾਲਿਆਂ ਦਾ ਗੁਰਬਾਣੀ ਵਿਰੋਧ ਕਰਦੀ ਹੈ ਪਰ ਫਿਰ ਵੀ ਸਾਡੇ ਕਥਾਵਾਚਕ ਮਨਾਹੀ ਕਰਨ ਦੇ ਬਾਵਜੂਦ ਗੁਰੂ ਸਾਹਿਬ ਦੀ ਜ਼ਿੰਦਗੀ ਨੂੰ ਚਮਤਕਾਰਾਂ ਨਾਲ ਜੋੜ ਕੇ ਬਿਆਨ ਕਰਦੇ ਹਨ। ਉਹਨਾਂ ਦੀਆਂ ਯਾਤਰਾਵਾਂ ਦਾ ਸਮਾਂ ਕੋਈ ਤੀਹ ਸਾਲ ਤੋਂ ਉਪਰ ਬਣਦਾ ਹੈ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਬਹੁਤ ਤਕਲੀਫ਼ਾਂ ਦਾ ਸਾਹਮਣਾ ਕੀਤਾ ਤੇ ਕੁਰਾਹੇ ਪਏ ਲੋਕਾਂ ਨੂੰ ਵਿਗਿਆਨਕ ਨਜ਼ਰੀਏ ਨਾਲ ਉਪਦੇਸ਼ ਦੇ ਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਜੇਕਰ ਉਹਨਾਂ ਪਾਸ ਕੋਈ ਚਮਤਕਾਰੀ ਸ਼ਕਤੀ ਹੁੰਦੀ ਤਾਂ ਉਹਨਾਂ ਨੂੰ ਘਰੋਂ ਇੰਨਾ ਸਮਾਂ ਬਾਹਰ ਰਹਿ ਕੇ ਮਨੁੱਖਤਾ ਨੂੰ ਸਿੱਧੇ ਰਸਤੇ ਤੇ ਪਾਉਣ ਲਈ ਤਕਲੀਫ਼ਾਂ ਝੱਲਣ ਦੀ ਕੀ ਲੋੜ ਸੀ, ਉਹ ਘਰੋਂ ਹੀ ਬੈਠੇ ਆਪਣੀ ਕਰਾਮਾਤੀ ਤੇ ਚਮਤਕਾਰੀ ਤਾਕਤ ਨਾਲ ਮਨੁੱਖਤਾ ਨੂੰ ਸਿੱਧੇ ਰਸਤੇ ਤੇ ਪਾ ਸਕਦੇ ਸਨ।

ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਉਹਨਾਂ ਨੂੰ ਵੀ ਜ਼ਾਲਮਾਂ ਨੇ ਬਹੁਤ ਤਸੀਹੇ ਦੇ ਕੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ। ਉਹਨਾਂ ਨੇ ਇਹ ਸਾਰੇ ਤਸੀਹੇ ਆਪਣੇ ਪਿੰਡੇ ਤੇ ਝੱਲੇ ਤੇ ਆਪਣਾ ਮਾਨਸਿਕ ਮਨੋਬਲ ਬਹੁਤ ਮਜ਼ਬੂਤ ਰੱਖਿਆ ਤੇ ਕੋਈ ਚਮਤਕਾਰ ਆਦਿ ਨਹੀਂ ਦਿਖਾਇਆ ਸਗੋਂ ਪ੍ਰਮਾਤਮਾ ਦਾ ਨਾਮ ਜਪਦੇ ਰਹੇ। ਗੁਰੂ ਤੇਗ ਬਹਾਦਰ ਜੀ ਜਦੋਂ ਦਿੱਲੀ ਆਏ ਤਾਂ ਉਹਨਾਂ ਦੇ ਸਾਹਮਣੇ ਤਿੰਨ ਗੱਲਾਂ ਰੱਖੀਆਂ ਗਈਆਂ ਕਿ ਉਹ ਆਪਣਾ ਧਰਮ ਤਬਦੀਲ ਕਰ ਲੈਣ ਜਾਂ ਕੋਈ ਚਮਤਕਾਰ ਦਿਖਾਉਣ ਜਾਂ ਫਿਰ ਮੌਤ ਲਈ ਤਿਆਰ ਰਹਿਣ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਉਤਰ ਸੀ, 'ਜਬਰੀ ਧਰਮ ਪਰੀਵਰਤਨ ਮੈਨੂੰ ਮਨਜ਼ੂਰ ਨਹੀਂ ਹੈ, ਚਮਤਕਾਰ ਦਿਖਾਉਣਾ ਕੁਦਰਤ ਦੇ ਨਿਯਮਾਂ ਵਿਚ ਰੁਕਾਵਟ ਹੈ, ਤੀਜੀ ਗੱਲ ਮੌਤ ਦੀ ਸਜਾ ਮੈਨੂੰ ਮਨਜ਼ੂਰ ਹੈ।'

ਮਹਾਰਾਸ਼ਟਰ ਦੀ ਧਰਤੀ ਤੇ ਗੁਰੂ ਗੋਬਿੰਦ ਸਿੰਘ ਜੀ ਤੇ ਬਾਦਸ਼ਾਹ ਬਹਾਦਰ ਸ਼ਾਹ ਦੀ ਮਿਲਣੀ ਨਾਂਦੇੜ ਸਾਹਿਬ ਵਿਖੇ ਹੋਣ ਦੇ ਇਤਿਹਾਸਕ ਪ੍ਰਮਾਣ ਹਨ। ਉਥੇ ਬਾਦਸ਼ਾਹ ਬਹਾਦਰ ਸ਼ਾਹ ਪਾਸ ਸਰਹੰਦ ਦਾ ਇਕ ਸਯਦ ਬੈਠਾ ਸੀ। ਉਸ ਨੇ ਗੁਰੂ ਸਾਹਿਬ ਤੇ ਇਕ ਪ੍ਰਸ਼ਨ ਕੀਤਾ ਕਿ ਸਾਰੇ ਧਰਮਾਂ ਦੇ ਗੁਰੂ ਜਾਂ ਪੀਰ-ਪੈਗੰਬਰ ਜਾਂ ਅਵਤਾਰ ਕਰਾਮਾਤਾਂ ਦਿਖਾਉਂਦੇ ਰਹੇ ਹਨ, ਤੁਹਾਡੀ ਕਰਾਮਾਤਾਂ ਜਾਂ ਚਮਤਕਾਰਾਂ ਬਾਰੇ ਕੀ ਰਾਏ ਹੈ ਤਾਂ ਗੁਰੂ ਜੀ ਨੇ ਉਤਰ ਦਿੱਤਾ ਤੇ ਬਾਦਸ਼ਾਹ ਬਹਾਦਰ ਸ਼ਾਹ ਵੱਲ ਹੱਥ ਕਰਕੇ ਕਹਿਣ ਲੱਗੇ ਇਹ ਜਿਉਂਦੀ ਜਾਗਦੀ ਸ਼ਾਖਸ਼ਾਤ ਕਰਾਮਾਤ ਹੈ, ਜਿਸ ਦੇ ਹੱਥ ਵਿਚ ਰਾਜਸੀ ਤਾਕਤ ਹੈ, ਉਹ ਜੋ ਚਾਹੇ ਕਰ ਸਕਦਾ ਹੈ। ਦੂਸਰੀ ਗੱਲ ਗੁਰੂ ਜੀ ਨੇ ਸੋਨੇ ਦੀ ਮੋਹਰ ਮੋਹਰੇ ਸੁੱਟਦਿਆਂ ਕਿਹਾ ਇਸ ਨਾਲ ਦੁਨੀਆਂ ਵਿਚ ਬਹੁਤ ਕੁਝ ਖਰੀਦਿਆ ਜਾ ਸਕਦਾ ਹੈ। ਫਿਰ ਵੀ ਸਯਦ ਦੀ ਤਸੱਲੀ ਨਾ ਹੋਈ ਤੇ ਉਸ ਨੇ ਕਿਹਾ ਤੁਸੀਂ ਕੋਈ ਹੋਰ ਕਰਾਮਾਤ ਕਰ ਸਕਦੇ ਹੋ ਤਾਂ ਗੁਰੂ ਜੀ ਨੇ ਆਪਣੀ ਮਿਆਨ ਵਿਚੋਂ ਤਲਵਾਰ ਧੂਹ ਕੇ ਕਿਹਾ, ਇਹ ਸਭ ਤੋਂ ਵੱਡੀ ਕਰਾਮਾਤ ਹੈ। ਇਹ ਕਮਜ਼ੋਰਾਂ ਵਿਚ ਜਾਨ ਲਿਆ ਸਕਦੀ ਹੈ ਤੇ ਸ਼ਹਿਨਸ਼ਾਹਾਂ ਦੇ ਤਖਤ ਪਲਟ ਸਕਦੀ ਹੈ। ਇਸ ਤਰ੍ਹਾਂ ਦੇ ਜੋਸ਼ੀਲੇ ਉਤਰ ਸੁਣ ਕੇ ਸਯਦ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਲਈ ਉਕਤ ਚਰਚਾ ਦਾ ਸਾਰ ਅੰਸ਼ ਇਹੀ ਨਿਕਲਦਾ ਹੈ ਕਿ ਸਿੱਖ ਚਿੰਤਨ ਚਮਤਕਾਰਾਂ ਦੇ ਵਿਰੁੱਧ ਹੈ।

ਕੁਦਰਤ ਦੇ ਆਪਣੇ ਨਿਯਮ ਹਨ। ਇਹ ਨਿਯਮ ਅਟੱਲ ਹਨ। ਇਹਨਾਂ ਨੂੰ ਨਾ ਤਾਂ ਕੋਈ ਬਦਲ ਸਕਿਆ ਅਤੇ ਨਾ ਹੀ ਬਦਲ ਸਕੇਗਾ। ਜਿੰਨੀ ਅਸੀਂ ਇਹਨਾਂ ਨਾਲ ਛੇੜਛਾੜ ਕਰਾਂਗੇ, ਉਨੇ ਹੀ ਇਸ ਦੇ ਭਿਆਨਕ ਨਤੀਜੇ ਨਿਕਲਣਗੇ। ਅਗਨੀ ਦਾ ਆਪਣਾ ਧਰਮ ਹੈ ਸਾੜਨਾ।ਅਸੀਂ ਜਦੋਂ ਕੋਈ ਵੀ ਵਸਤੂ ਇਸ ਵਿਚ ਪਾਵਾਂਗੇ, ਸੜ ਜਾਵੇਗੀ, ਬਸ਼ਰਤੇ ਉਸ ਨੂੰ ਕਿਸੇ ਰਸਾਇਣ ਯੁਕਤ ਪਦਾਰਥ ਵਿਚ ਨਾ ਲਪੇਟਿਆ ਗਿਆ ਹੋਵੇ, ਜਿਸ 'ਤੇ ਅੱਗ ਦਾ ਅਸਰ ਨਾ ਹੁੰਦਾ ਹੋਵੇ। ਇਸੇ ਹੀ ਤਰ੍ਹਾਂ ਪਾਣੀ ਦਾ ਆਪਣਾ ਧਰਮ ਹੈ। ਉਚਾਈ ਅਤੇ ਨੀਵਾਣ ਦਾ ਆਪਣਾ ਧਰਮ ਹੈ।

ਅੱਜ ਦੇ ਵਿਗਿਆਨ ਨੇ ਬਹੁਤ ਸਾਰੀਆਂ ਅਲੌਕਿਕ ਸਮਝੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਲੌਕਿਕ ਸਿੱਧ ਕਰ ਦਿੱਤਾ ਹੈ। ਜਵਾਲਾ ਦੇਵੀ ਵਿਚੋਂ ਨਿਕਲਣ ਵਾਲੀ ਅੱਗ ਨੂੰ ਸੈਂਕੜੇ ਸਾਲਾਂ ਤੋਂ ਅਲੌਕਿਕ ਸਮਝਿਆ ਜਾਂਦਾ ਸੀ ਪਰ ਵਿਗਿਆਨਕਾਂ ਨੇ ਖੋਜ ਕਰਕੇ ਸਾਬਤ ਕਰ ਦਿੱਤਾ ਹੈ ਕਿ ਇੱਥੇ ਧਰਤੀ ਦੇ ਅੰਦਰ ਗੰਧਕ ਹੈ, ਜੋ ਇਕ ਖਾਸ ਪ੍ਰਕਿਰਿਆ ਨਾਲ ਲਗਾਤਾਰ ਬਲਦੀ ਰਹਿੰਦੀ ਹੈ।

ਮਨੁੱਖ ਨੂੰ ਕਰਾਮਾਤਾਂ ਜਾਂ ਚਮਤਕਾਰ ਬਲਵਾਨ ਨਹੀਂ ਸਗੋਂ ਕਮਜ਼ੋਰ ਬਣਾਉਂਦੇ ਹਨ। ਉਹ ਆਪਣੀ ਹਰ ਮੁਸੀਬਤ ਵਿਚ ਸੋਚਣ ਲੱਗਦਾ ਹੈ ਕਿ ਕੋਈ ਚਮਤਕਾਰ ਹੋਵੇਗਾ ਤੇ ਮੇਰੇ ਸਾਰੇ ਦੁੱਖ ਦਲਿੱਦਰ ਦੂਰ ਹੋ ਜਾਣਗੇ। ਮਹਿਮੂਦ ਗ਼ਜ਼ਨਵੀ ਨੇ ਹਿੰਦੁਸਤਾਨ ਤੇ ਉਨੀ ਵਾਰ ਹਮਲਾ ਕੀਤਾ ਪਰ ਜਦੋਂ ਉਸ ਨੇ ਸੋਮਨਾਥ ਦੇ ਮੰਦਰ ਤੇ ਹਮਲਾ ਕੀਤਾ ਤਾਂ ਉਹ ਬਹੁਤ ਭੈਅ-ਭੀਤ ਹੋ ਗਿਆ ਕਿ ਭਗਵਾਨ ਦੀ ਮੂਰਤੀ ਹਵਾ ਵਿਚ ਬਿਨਾਂ ਕਿਸੇ ਸਹਾਰੇ ਦੇ ਲਟਕ ਰਹੀ ਹੈ, ਸ਼ਾਇਦ ਇਹ ਕਿਸੇ ਗੈਬੀ ਸ਼ਕਤੀ ਦੇ ਸਹਾਰੇ ਤੇ ਹਵਾ ਵਿਚ ਖੜ੍ਹੀ ਹੈ ਪਰ ਉਸ ਦੇ ਸਲਾਹਕਾਰਾਂ ਨੇ ਉਸ ਨੂੰ ਦੇਖ ਕੇ ਦੱਸਿਆ ਕਿ ਇਹ ਕਿਸੇ ਗੈਬੀ ਸ਼ਕਤੀ ਨਾਲ ਹਵਾ ਵਿਚ ਨਹੀਂ ਲਟਕ ਰਹੀ, ਸਗੋਂ ਚੁੰਬਕ ਦੀ ਚਾਰੋਂ ਪਾਸਿਉਂ ਖਿੱਚ ਨਾਲ ਹਵਾ ਵਿਚ ਲਟਕ ਰਹੀ ਹੈ, ਫਿਰ ਉਸ ਨੇ ਆਪਣੀ ਗਦਾ ਨਾਲ ਮੂਰਤੀ ਨੂੰ ਤੋੜ ਕੇ ਉਸਦੇ ਸਾਰੇ ਹੀਰੇ ਜਵਾਹਰਾਤ ਲੁੱਟ ਲਏ। ਪੁਜਾਰੀਆਂ ਦਾ ਵਿਸ਼ਵਾਸ ਸੀ ਕਿ ਕੋਈ ਚਮਤਕਾਰ ਹੋਵੇਗਾ, ਸ਼ਿਵ ਜੀ ਆਪਣਾ ਤੀਸਰਾ ਨੇਤਰ ਖੋਲ੍ਹਣਗੇ ਤੇ ਹਮਲਾਵਰ ਆਪਣੀ ਫੌਜ ਸਮੇਤ ਭਸਮ ਹੋ ਜਾਏਗਾ ਪਰ ਹੋਇਆ ਕੁਝ ਵੀ ਨਹੀਂ। ਗ਼ਜ਼ਨਵੀ ਲੁੱਟ-ਮਾਰ ਤੇ ਕਤਲੋਗਾਰਤ ਕਰਕੇ ਵਾਪਸ ਚਲਾ ਗਿਆ।

ਸੰਸਾਰ ਦੇ ਅਨੇਕਾਂ ਧਰਮਾਂ ਦੀਆਂ ਕਹਾਣੀਆਂ ਵੀ ਅਜੀਬੋ ਗਰੀਬ ਤੇ ਹੈਰਾਨੀਜਨਕ ਵੀ ਹਨ, ਉਹਨਾਂ ਸੰਪਰਦਾਵਾਂ ਦਾ ਇਹ ਵਿਸ਼ਵਾਸ ਹੈ ਕਿ ਉਹਨਾਂ ਦਾ ਦੇਵ ਪੁਰਸ਼ ਜਾਂ ਗੁਰੂ ਉਸ ਪ੍ਰਕਿਰਿਆ ਨਾਲ ਜਨਮ ਲੈ ਕੇ ਧਰਤੀ ਤੇ ਨਹੀਂ ਆਇਆ, ਜਿਸ ਤਰ੍ਹਾਂ ਇਕ ਸਧਾਰਨ ਪੁਰਸ਼ ਧਰਤੀ ਤੇ ਪੈਦਾ ਹੁੰਦਾ ਹੈ। ਉਹ ਇਕ ਦੇਵ ਪੁਰਸ਼ ਦੇ ਰੂਪ ਵਿਚ ਸੰਸਾਰ ਦੇ ਪ੍ਰਾਣੀਆਂ ਦਾ ਕਲਿਆਣ ਕਰਨ ਲਈ ਸਿੱਧਾ ਧਰਤੀ 'ਤੇ ਆਇਆ ਹੈ। ਈਸਾ ਮਸੀਹ ਤੇ ਮਦਰ ਮੇਰੀ ਦੀ ਕਥਾ ਇਸੇ ਤਰ੍ਹਾਂ ਹੀ ਕਹੀ ਜਾਂਦੀ ਹੈ। ਸੰਤ ਕਬੀਰ ਦਾਸ ਜੀ, ਸ੍ਰੀ ਦਾਦੂ ਦਿਆਲ ਜੀ ਅਤੇ ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਦੇ ਸ਼ਰਧਾਲੂ ਅਜਿਹਾ ਹੀ ਮੰਨਦੇ ਹਨ। ਇਸੇ ਤਰ੍ਹਾਂ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੇ ਸਰੀਰ ਦਾ ਸੰਸਕਾਰ ਕਰਨ ਨੂੰ ਲੈ ਕੇ ਵੀ ਇਸੇ ਤਰ੍ਹਾਂ ਦੀਆਂ ਕਹਾਣੀਆਂ ਪ੍ਰਚੱਲਿਤ ਹਨ। ਉਹਨਾਂ ਦਾ ਕਿਸੇ ਤਰ੍ਹਾਂ ਦਾ ਸੰਸਾਰਕ ਅੰਤਿਮ ਸੰਸਕਾਰ ਨਹੀਂ ਹੋਇਆ। ਉਹ ਸਰੀਰ ਸਮੇਤ ਸਵਰਗ ਸਿਧਾਰ ਗਏ।

ਚਮਤਕਾਰੀ ਘਟਨਾਵਾਂ ਕਰਨ ਵਿਚ ਵੀ ਦੌੜ ਲੱਗੀ ਹੋਈ ਹੈ। ਕਿਸੇ ਵੀ ਧਰਮ ਜਾਂ ਸੰਪਰਦਾ ਦਾ ਮੁਖੀ ਚਾਹੇ ਆਪਣੇ ਨਾਂ ਨਾਲ ਚਮਤਕਾਰਾਂ ਨੂੰ ਨਾ ਜੋੜਨਾ ਚਾਹੁੰਦਾ ਹੋਵੇ ਪਰ ਉਹਨਾਂ ਦੇ ਪੈਰੋਕਾਰ ਜ਼ਰੂਰ ਜੋੜ ਦਿੰਦੇ ਹਨ। ਪੈਰੋਕਾਰਾਂ ਨੂੰ ਲੱਗਦਾ ਹੈ ਕਿ ਜੇ ਦੂਸਰੇ ਧਰਮ ਦਾ ਮੁਖੀ ਜਾਂ ਗੁਰੂ ਚਮਤਕਾਰ ਕਰ ਸਕਦਾ ਹੈ ਤਾਂ ਸਾਡਾ ਕਿਉਂ ਨਹੀਂ ਕਰ ਸਕਦਾ? ਇਸ ਤਰ੍ਹਾਂ ਵੀ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਉਹਨਾਂ ਦੇ ਨਾਂਅ ਨਾਲ ਜੁੜ ਜਾਂਦੀਆਂ ਹਨ।

ਅੱਜ ਦੇ ਦੌਰ ਵਿਚ ਸਾਡੇ ਆਪਣੇ ਦੇਸ਼ ਵਿਚ ਅਜਿਹੇ ਬਾਬਿਆਂ, ਸੰਤਾਂ, ਔਲੀਆਂ ਤੇ ਗੁਰੂਆਂ ਦਾ ਹੜ੍ਹ ਆਇਆ ਹੋਇਆ ਹੈ। ਜੋ ਇਹ ਦਾਅਵਾ ਕਰਦੇ ਹਨ ਕਿ ਉਹਨਾਂ ਪਾਸ ਹਰ ਪ੍ਰਕਾਰ ਦੀ ਸਿੱਧੀ ਹੈ ਜੋ ਮਨੁੱਖ ਦੀਆਂ ਸਮੱਸਿਆਵਾਂ ਦਾ ਮਿੰਟਾਂ-ਸਕਿੰਟਾਂ ਵਿਚ ਹੀ ਹੱਲ ਕੱਢ ਸਕਦੇ ਹਨ। ਇਸ ਤਰ੍ਹਾਂ ਦੇ ਬਾਬੇ ਅੱਜਕਲ੍ਹ ਆਪਣੀਆਂ ਅਲੌਕਿਕ ਸ਼ਕਤੀਆਂ ਦੀ ਮਸ਼ਹੂਰੀ ਲਈ ਟੀ. ਵੀ. ਅਤੇ ਅਖ਼ਬਾਰਾਂ ਵਿਚ ਇਸ਼ਤਿਹਾਰਬਾਜ਼ੀ ਵੀ ਬਹੁਤ ਕਰਦੇ ਹਨ। ਮੈਂ ਵੀ ਪੰਜਾਬ ਦੇ ਕਈ ਡੇਰਿਆਂ ਤੇ ਇਹ ਦੇਖਣ ਲਈ ਤੇ ਇਹਨਾਂ ਬਾਬਿਆਂ ਦੀ ਸਚਾਈ ਜਾਨਣ ਲਈ ਘੁੰਮ ਫਿਰ ਕੇ ਦੇਖਿਆ ਹੈ। ਇੱਥੇ ਅਜਿਹੇ ਲੋਕਾਂ ਦੀ ਭੀੜ ਲੱਖਾਂ ਵਿਚ ਹੁੰਦੀ ਹੈ। ਇਹ ਡੇਰੇ ਹਰ ਸਾਲ ਕਿਸੇ ਨਾ ਕਿਸੇ ਇਕ ਦਿਨ ਨੂੰ ਮੇਲੇ ਵਾਂਗ ਮਨਾਉਂਦੇ ਹਨ। ਵੱਡੇ-ਵੱਡੇ ਨਾਮੀ ਗ੍ਰਾਮੀ ਗਾਇਕ ਸੱਦਦੇ ਹਨ। ਉਹਨਾਂ ਉਤੋਂ ਨੋਟਾਂ ਦੀ ਵਰਖਾ ਕਰਦੇ ਹਨ। ਨੋਟਾਂ ਦੀ ਇੰਨੀ ਬੇਕਦਰੀ ਹੁੰਦੀ ਹੈ ਕਿ ਉਹ ਪੈਰਾਂ ਵਿਚ ਰੁਲਦੇ ਹਨ। ਗਰੀਬ ਆਦਮੀ ਇਹਨਾਂ ਨੋਟਾਂ ਲਈ ਤਰਸਦੇ ਹਨ ਪਰ ਇੱਥੇ ਇਹ ਨੋਟ ਸਿਰਫ ਲੋਕਾਂ ਦੇ ਚੜ੍ਹਾਵੇ ਦੇ ਹੀ ਇਕੱਠੇ ਕੀਤੇ ਗਏ ਹੁੰਦੇ ਹਨ। ਇਹਨਾਂ ਵੱਡੇ ਵੱਡੇ ਗਾਇਕਾਂ ਦੇ ਡੇਰਿਆਂ ਤੇ ਆਉਣ ਨਾਲ ਭੋਲੀ-ਭਾਲੀ ਜਨਤਾ ਨੂੰ ਇਹ ਗਲਤ ਸੰਦੇਸ਼ ਜਾਂਦਾ ਹੈ ਤੇ ਅੰਧ-ਵਿਸ਼ਵਾਸ ਪੈਦਾ ਹੁੰਦਾ ਹੈ ਕਿ ਇੱਥੇ ਇਸ ਬਾਬੇ ਵਿਚ ਜ਼ਰੂਰ ਕੋਈ ਮਿਕਨਾਤੀਸੀ ਸ਼ਕਤੀ ਹੈ ਜੋ ਵੱਡੇ-ਵੱਡੇ ਕਲਾਕਾਰ ਤੇ ਰਾਜਨੀਤਿਕ ਲੋਕ ਇੱਥੇ ਆਉਂਦੇ ਹਨ। ਮੇਲੇ ਵਾਲੇ ਦਿਨਾਂ ਤੋਂ ਇਲਾਵਾ ਵੀ ਸਾਰਾ ਸਾਲ ਇਹਨਾਂ ਡੇਰਿਆਂ ਤੇ ਭੀੜ ਲੱਗੀ ਰਹਿੰਦੀ ਹੈ।

ਇਹਨਾਂ ਡੇਰਿਆਂ ਵਿਚ ਜ਼ਿਆਦਾ ਕਰਕੇ ਤਿੰਨ ਤਰ੍ਹਾਂ ਦੇ ਲੋਕ ਆਉਂਦੇ ਹਨ। ਇਕ ਉਹ ਲੋਕ ਹਨ, ਜਿਹਨਾਂ ਨੂੰ ਲੱਗਦਾ ਹੈ ਕਿ ਕਿਸੇ ਦੁਸ਼ਮਣ ਨੇ ਉਹਨਾਂ ਤੇ ਕੋਈ ਜਾਦੂ-ਟੂਣਾ ਕਰ ਦਿੱਤਾ ਹੈ, ਜਿਸ ਕਰਕੇ ਉਹ ਕਿਸੇ ਖਾਸ ਕਿਸਮ ਦੀ ਬਿਮਾਰੀ ਤੋਂ ਪੀੜਤ ਹੋ ਗਏ ਹਨ। ਦੂਸਰੇ ਉਹ ਲੋਕ ਹਨ, ਜਿਹਨਾਂ ਦੇ ਔਲਾਦ ਨਹੀਂ ਹੁੰਦੀ। ਤੀਸਰੀ ਕਿਸਮ ਦੇ ਉਹ ਲੋਕ ਆਉਂਦੇ ਹਨ ਜੋ ਤਮਾਸ਼ਬੀਨ ਹਨ ਤੇ ਉਹਨਾਂ ਨੇ ਡੇਰਿਆਂ ਨੂੰ ਆਸ਼ਕੀ ਦਾ ਅੱਡਾ ਬਣਾਇਆ ਹੋਇਆ ਹੈ। ਇੱਥੇ ਜਾਦੂ-ਟੂਣਾ ਕਰਨ ਵਾਲੇ ਕੁਝ ਲੋਕ ਹੁੰਦੇ ਹਨ। ਇਹ ਭੋਲੇ-ਭਾਲੇ ਲੋਕਾਂ ਨੂੰ ਮਾਨਸਿਕ ਦ੍ਰਿਸ਼ਟੀ ਤੋਂ ਵੱਸ ਕਰਦੇ ਹਨ, ਫਿਰ ਉਹਨਾਂ ਅੰਦਰੋਂ ਭੂਤ-ਪ੍ਰੇਤ ਕੱਢਣ ਦਾ ਦਾਅਵਾ ਕਰਦੇ ਹਨ।

ਸਭ ਤੋਂ ਵੱਡਾ ਧੋਖਾ ਨਿਰਸੰਤਾਨਾਂ ਨਾਲ ਹੁੰਦਾ ਹੈ। ਮੇਲੇ ਦੇ ਆਖਰੀ ਦਿਨ ਜਾਂ ਆਮ ਦਿਨਾਂ ਵਿਚ ਵੀ ਇਹ ਐਲਾਨ ਕੀਤਾ ਜਾਂਦਾ ਹੈ ਕਿ ਇੱਥੋਂ ਦੇ ਬਾਬਾ ਜੀ ਨੇ ਇਸ ਸਾਲ ਵੱਡੀ ਗਿਣਤੀ ਵਿਚ ਲੜਕੇ-ਲੜਕੀਆਂ ਦੇਣ ਦਾ ਨਿਸ਼ਚਾ ਕੀਤਾ ਹੈ। ਦਿੱਤੇ ਜਾਣ ਵਾਲੇ ਬੱਚਿਆਂ ਵਿਚ ਲੜਕਿਆਂ ਦੀ ਗਿਣਤੀ ਘੱਟ ਤੇ ਲੜਕੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਫਿਰ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿਹਨਾਂ ਨੂੰ ਲੜਕਾ ਚਾਹੀਦਾ ਹੈ, ਉਹ ਇੰਨਾ ਧਨ ਭਾਵ ਕੁਝ ਜ਼ਿਆਦਾ ਧਨ ਡੇਰੇ ਦੇ ਮੁੱਖ ਪ੍ਰਬੰਧਕ ਕੋਲ ਜਮ੍ਹਾ ਕਰਵਾ ਕੇ ਆਪਣੇ ਨਾਂਅ ਦੀ ਅਰਦਾਸ ਕਰਵਾ ਲੈਣ। ਜਿਹਨਾਂ ਨੂੰ ਲੜਕੀ ਚਾਹੀਦੀ ਹੈ, ਉਹ ਇੰਨਾ ਧਨ ਜਮ੍ਹਾ ਕਰਵਾ ਕੇ ਆਪਣੇ ਨਾਂਅ ਦੀ ਅਰਦਾਸ ਕਰਵਾ ਲੈਣ। ਇੱਥੇ ਇਹ ਬਾਬੇ ਆਪਣੇ ਕੋਲ ਅਲੌਕਿਕ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਹਨ ਤੇ ਲੜਕੇ ਲੜਕੀਆਂ ਵੇਚਣ ਦਾ ਵਿਉਪਾਰ ਕਰਦੇ ਹਨ। ਅਜਿਹੇ ਬਾਬਿਆਂ ਦੀ ਇਸ ਦੇਸ਼ ਵਿਚ ਘਾਟ ਨਹੀਂ ਜੋ ਚਮਤਕਾਰਾਂ ਅਤੇ ਅਲੌਕਿਕਤਾ ਦੇ ਨਾਂਅ ਤੇ ਦੇਸ਼ ਵਿਚ ਕੀ ਕੁਝ ਨਹੀਂ ਕਰਦੇ। ਅਜਿਹੇ ਹੀ ਕਈ ਬਾਬੇ ਜੇਲ੍ਹਾਂ ਵਿਚ ਹਨ ਤੇ ਜ਼ਮਾਨਤ ਲਈ ਤਰਸਦੇ ਹਨ, ਅਗਰ ਉਹਨਾਂ ਕੋਲ ਕੋਈ ਅਜਿਹਾ ਚਮਤਕਾਰ ਹੈ ਤਾਂ ਉਹ ਜੇਲ੍ਹ ਤੋਂ ਬਾਹਰ ਕਿਉਂ ਨਹੀਂ ਆ ਜਾਂਦੇ?

ਦੱਖਣ ਭਾਰਤ ਦੇ ਇਕ ਬਾਬਾ ਚਮਤਕਾਰ ਦਿਖਾਉਣ ਵਿਚ ਬੜੇ ਪ੍ਰਸਿੱਧ ਸਨ। ਉਹਨਾਂ ਦੀ ਹਰਮਨ ਪਿਆਰਤਾ ਵੀ ਬੜੀ ਅਜੀਬੋ ਗਰੀਬ ਸੀ। ਕਾਫੀ ਪੜ੍ਹੇ ਲਿਖੇ ਲੋਕ ਵੀ ਉਹਨਾਂ ਦੇ ਚੇਲੇ ਸਨ। ਇਹ ਗੱਲ ਉਹਨਾਂ ਬਾਰੇ ਬੜੀ ਮਸ਼ਹੂਰ ਸੀ ਕਿ ਉਹ ਆਪਣੇ ਲੰਮੇ ਚੋਗੇ ਵਿਚੋਂ ਨੋਟਾਂ ਦੇ ਥੱਦੇ ਕੱਢ ਕੇ ਅੰਬਰ ਲਾ ਦਿੰਦੇ ਹਨ। ਜੇਕਰ ਕੋਈ ਉਹਨਾਂ ਕੋਲੋਂ ਸ਼ਰਧਾਲੂ ਘੜੀ ਮੰਗਦਾ ਸੀ ਤਾਂ ਉਹ ਉਸ ਨੂੰ ਘੜੀ ਦੇ ਦਿੰਦੇ ਸਨ। ਆਪਣੇ ਧੂਣੇ ਦੀ ਭਬੂਤੀ (ਭਾਵ ਸੁਆਹ) ਜਿਸ ਨੂੰ ਵੀ ਉਹ ਦਿੰਦੇ ਸਨ, ਉਹ ਮਾਲਾ-ਮਾਲ ਹੋ ਜਾਂਦਾ ਸੀ।

ਕਾਫੀ ਸਾਲ ਪਹਿਲਾਂ ਦੀ ਇਹ ਗੱਲ ਹੈ ਕਿ ਦੱਖਣ ਭਾਰਤ ਦੇ ਹੀ ਇਕ ਵਿਗਿਆਨੀ ਡਾ: ਕਵੂਰ ਨੇ ਉਹਨਾਂ ਨੂੰ ਚੁਣੌਤੀ ਦਿੱਤੀ ਕਿ ਜੇਕਰ ਉਹ ਉਹਨਾਂ ਦੇ ਸਾਹਮਣੇ ਕੋਈ ਚਮਤਕਾਰ ਕਰ ਕੇ ਦਿਖਾਏਗਾ ਤਾਂ ਉਹ ਉਹਨਾਂ ਨੂੰ ਇਕ ਲੱਖ ਰੁਪਿਆ ਇਨਾਮ ਵਜੋਂ ਦੇਣਗੇ ਪਰ ਬਾਬਾ ਕੋਈ ਚਮਤਕਾਰ ਨਾ ਦਿਖਾ ਸਕਿਆ। ਅੱਜ ਉਹ ਬਾਬਾ ਇਸ ਸੰਸਾਰ ਵਿਚ ਨਹੀਂ ਹੈ ਪਰ ਲੋਕਾਂ ਵਿਚ ਅੰਧ-ਵਿਸ਼ਵਾਸ ਦੇ ਸਹਾਰੇ ਜੋ ਦੌਲਤ ਇਕੱਠੀ ਕੀਤੀ ਸੀ ਉਸ ਦਾ ਰਾਜ਼ ਉਸ ਦੀ ਮੌਤ ਤੋਂ ਬਾਅਦ ਖੁੱਲ੍ਹਿਆ।

ਕਿਸੇ ਵੀ ਤਰ੍ਹਾਂ ਦਾ ਚਮਤਕਾਰ ਹੋਵੇ, ਉਹ ਅਣ-ਵਿਗਿਆਨਕ, ਕਾਲਪਨਿਕ ਤੇ ਗੈਰ-ਕੁਦਰਤੀ ਹੈ। ਸਭ ਤੋਂ ਵੱਡਾ ਚਮਤਕਾਰ ਤਾਂ ਮਨੁੱਖ ਆਪ ਹੀ ਹੈ। ਮਨੁੱਖ ਨੇ ਆਪਣੇ ਦਿਮਾਗ ਦੇ ਵਿਕਾਸ ਨਾਲ ਅੱਜ ਇੰਨੀਆਂ ਵਿਗਿਆਨਕ ਕਾਢਾਂ ਕੱਢੀਆਂ ਹਨ ਕਿ ਸੰਸਾਰ ਦਾ ਭੂਗੋਲ ਹੀ ਬਦਲ ਕੇ ਰੱਖ ਦਿੱਤਾ ਹੈ। ਮਨੁੱਖ ਨੇ ਕੁਦਰਤ ਦੇ ਹਰ ਲੁਕਵੇਂ ਭੇਦ ਨੂੰ ਉਜਾਗਰ ਕਰਕੇ ਰੱਖ ਦਿੱਤਾ ਹੈ। ਮਨੁੱਖ ਆਕਾਸ਼ ਵਿਚ ਉਡਾਰੀਆਂ ਮਾਰਦਾ ਹੈ। ਚੰਦਰਮਾ ਤੇ ਮੰਗਲ ਤੱਕ ਉਸ ਨੇ ਬੜੀ ਲੰਮੀ ਉਡਾਰੀ ਮਾਰੀ ਹੈ ਤੇ ਮਨੁੱਖ ਨੂੰ ਉਥੇ ਵਸਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਸੰਚਾਰ ਸਾਧਨਾਂ ਨਾਲ ਤੁਸੀਂ ਅੱਜ ਸੰਸਾਰ ਦੇ ਕਿਸੇ ਕੋਨੇ ਵਿਚ ਬੈਠ ਕੇ ਆਪਣੇ ਘਰ ਬੜੀ ਆਸਾਨੀ ਨਾਲ ਗੱਲਬਾਤ ਕਰ ਸਕਦੇ ਹੋ, ਕੀ ਇਹ ਕਿਸੇ ਚਮਤਕਾਰ ਤੋਂ ਘੱਟ ਹੈ?

ਵਿਗਿਆਨ ਦੀਆਂ ਕਾਢਾਂ ਨੇ ਮਨੁੱਖ ਨੂੰ ਬੜਾ ਕੁਝ ਦਿੱਤਾ ਹੈ। ਸੰਸਾਰ ਵਿਚ ਕਾਫੀ ਲੋਕਾਂ ਨੇ ਵਿਗਿਆਨਕ ਸੋਚ ਬਣਾਈ ਵੀ ਹੈ ਤੇ ਅੰਧ ਵਿਸ਼ਵਾਸਾਂ ਤੋਂ ਛੁਟਕਾਰਾ ਕਿਸੇ ਹੱਦ ਤੱਕ ਪਾਇਆ ਵੀ ਹੈ ਪਰ ਫਿਰ ਵੀ ਮਨੁੱਖ ਇਕ ਕਮਜ਼ੋਰ ਪ੍ਰਾਣੀ ਹੈ ਜੋ ਸੰਸਾਰਕ ਸੰਕਟਾਂ ਵਿਚ ਫਸਿਆ ਰਹਿੰਦਾ ਹੈ। ਇਹਨਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਉਹ ਕਿਸੇ ਚੀਜ਼ ਦਾ ਸਹਾਰਾ ਭਾਲਦਾ ਹੈ। ਧਰਮ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਉਸ ਨੂੰ ਇਹਨਾਂ ਸਮੱਸਿਆਵਾਂ ਵਿਚੋਂ ਨਿਕਲਣ ਲਈ ਤਾਕਤ ਪ੍ਰਦਾਨ ਕਰਦੇ ਹਨ ਪਰ ਚਮਤਕਾਰਾਂ ਜਾਂ ਕਰਾਮਾਤਾਂ ਦਾ ਢੌਂਗ ਕਰਨ ਵਾਲੇ ਕੁਝ ਸੁਆਰਥੀ ਲੋਕ ਮਨੁੱਖ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ ਦਾ ਫਾਇਦਾ ਉਠਾਉਂਦੇ ਹੋਏ ਉਹਨਾਂ ਨੂੰ ਆਪਣੇ

(ਬਾਕੀ ਅਗਲੇ ਸਫੇ ਤੇ)

# ਉਪ ਮੁੱਖ ਮੰਤਰੀ ਵੱਲੋਂ ਪੰਜਾਬ ਪੁਲਿਸ ਹੈਡਕੁਆਟਰ ਵਿਖੇ ਅਚਨਚੇਤ ਛਾਪਾ, ਜ਼ਿਆਦਾਤਰ ਪੁਲਿਸ ਅਧਿਕਾਰੀ ਮੌਕੇ 'ਤੇ ਗੈਰ-ਹਾਜਰ ਪਾਏ

ਚੰਡੀਗੜ੍ਹ- ਪੰਜਾਬ ਦੇ ਉਪ ਮੁੱਖ ਮੰਤਰੀ ਵੱਲੋਂ ਅੱਜ ਸਵੇਰੇ ਇਥੇ ਪੰਜਾਬ ਪੁਲਿਸ ਦੇ ਹੈਡਕੁਆਟਰ ਵਿਖੇ ਅਚਨਚੇਤ ਛਾਪਾ ਮਾਰਿਆ ਗਿਆ ਜਿਸ ਦੌਰਾਨ ਜ਼ਿਆਦਾਤਰ ਸੀਨੀਅਰ ਪੁਲਿਸ ਅਧਿਕਾਰੀ ਡਿਊਟੀ ਤੋਂ ਗੈਰ-ਹਾਜਿਰ ਪਾਏ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਉਪ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸ੍ਰੀ ਜੰਗਵੀਰ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦੇ ਵਾਹਨ ਅਚਾਨਕ ਹੈਡਕੁਆਰਟਰ ਦੇ ਮੁੱਖ ਗੇਟ 'ਤੇ ਪਹੁੰਚਣ 'ਤੇ ਉਥੇ ਤਾਇਨਾਤ ਸੁਰੱਖਿਆ ਅਧਿਕਾਰੀ ਅਚੰਭੇ 'ਚ ਪੈ ਗਏ। ਇਸ ਦੌਰਾਨ ਆਪਣੇ ਸ. ਬਾਦਲ ਨੇ ਆਪਣੀ ਕਾਰ 'ਚੋਂ ਉਤਰਦਿਆਂ ਹੀ ਉਨ੍ਹਾਂ ਨਾਲ ਹਾਜਿਰ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਉਹ ਐਂਟਰੀ ਰਜਿਸਟਰ ਆਪਣੇ ਕਬਜ਼ੇ 'ਚ ਲੈਂਦਿਆਂ ਹੈਡਕੁਆਰਟਰ ਦੇ ਸਾਰੇ ਰਸਤਿਆਂ ਨੂੰ ਬੰਦ ਕਰ ਦੇਣ। ਇਸ ਮੌਕੇ ਐਂਟਰੀ ਰਜਿਸਟਰ ਅਨੁਸਾਰ ਸੀਨੀਅਰ ਅਧਿਕਾਰੀਆਂ 'ਚੋਂ ਸਿਰਫ ਏਡੀਜੀਪੀ ਇੰਟੈਲੀਜੈਂਸ ਸ੍ਰੀ ਹਰਦੀਪ ਢਿੱਲੋਂ ਹੀ ਇਮਾਰਤ ਅੰਦਰ ਹਾਜਿਰ ਸਨ। ਹਾਲਾਂਕਿ ਛਾਪੇ ਦੌਰਾਨ 6 ਹੋਰ ਅਧਿਕਾਰੀ ਆਪਣੇ ਦਫਤਰ ਪਹੁੰਚ ਗਏ। ਇਥੇ ਜ਼ਿਕਰਯੋਗ ਹੈ ਕਿ ਇਸ ਪੁਲਿਸ ਸਕੱਤਰੇਤ 'ਚ 50 ਦੇ ਕਰੀਬ ਸੀਨੀਅਰ ਪੁਲਿਸ ਅਧਿਕਾਰੀਆਂ ਦੇ ਦਫਤਰ ਹਨ।

ਉਪ ਮੁੱਖ ਮੰਤਰੀ ਦੇ ਹੈਡਕੁਆਰਟਰ ਪਹੁੰਚਣ ਉਪਰੰਤ ਸੱਭ ਤੋਂ ਪਹਿਲਾਂ ਡੀਆਈਜੀ ਖੁਬੀ ਰਾਮ 9.16 ਵਜੇ ਦਫਤਰ ਪਹੁੰਚੇ। ਉਨ੍ਹਾਂ ਤੋਂ ਬਾਅਦ ਏ ਡੀ ਜੀ ਪੀ ਟ੍ਰੈਫਿਕ ਆਰ. ਪੀ. ਸਿੰਘ (9.23 ਵਜੇ), ਆਈ.ਜੀ. ਕਾਊਂਟਰ ਇੰਟੈਲੀਜੈਂਸ ਗੌਰਵ ਯਾਦਵ (9.25 ਵਜੇ), ਏ ਆਈ ਜੀ ਦਿਲਬਾਗ ਸਿੰਘ (9.26 ਵਜੇ), ਆਈ ਜੀ ਪ੍ਰੋਵਿਜਨਿੰਗ ਪ੍ਰਵੀਨ ਸਿਨਹਾ (9.28ਵਜੇ), ਏ ਆਈ ਜੀ ਅਸ਼ੀਸ਼ ਚੌਧਰੀ (9.40 ਵਜੇ), ਏਆਈਜੀ ਕੇ. ਬੀ. ਸਿੰਘ (9.51ਵਜੇ), ਐਸਪੀ ਰਨਵੀਰ ਸਿੰਘ (9.58 ਵਜੇ), ਏ ਆਈ ਜੀ ਸਵਰਨ ਸਿੰਘ (10 ਵਜੇ), ਏਆਈਜੀ ਬਲਜੋਤ ਰਾਠੌਰ (10 ਵਜੇ), ਏਡੀਜੀਪੀ ਸੀ.ਐਸ. ਆਰ. ਰੈਡੀ (10.05 ਵਜੇ) ਅਤੇ ਆਈਜੀ ਆਈ ਵੀ ਸੀ ਤੇ-ਜਿੰਦਰਪਾਲ ਸਿੰਘ (10.15 ਵਜੇ) ਡਿਊਟੀ 'ਤੇ ਹਾਜਿਰ ਹੋਣ ਵਾਲੇ ਅਧਿਕਾਰੀਆਂ 'ਚ ਸ਼ਾਮਿਲ ਹਨ।

ਉਪ ਮੁੱਖ ਮੰਤਰੀ ਵੱਲੋਂ ਛਾਪਾ ਮਾਰੇ ਜਾਣ ਦੌਰਾਨ ਪੰਜਾਬ ਪੁਲਿਸ ਮੁਖੀ ਸ੍ਰੀ ਸੁਮੇਧ ਸਿੰਘ ਸੈਣੀ ਆਪਣੀ ਰਿਹਾਇਸ਼ 'ਤੇ ਨੂਰਮਹਿਲ ਡੇਰੇ ਦੇ ਨੁਮਾਇੰਦਿਆਂ ਨਾਲ ਮੀਟਿੰਗ ਕਰ ਰਹੇ ਸਨ ਅਤੇ ਉਹ ਪਤਾ ਲੱਗਣ 'ਤੇ ਜਲਦੀ ਹੀ ਪੁਲਿਸ ਹੈਡਕੁਆਰਟਰ ਪਹੁੰਚ ਗਏ।

ਏ ਡੀ ਜੀ ਪੀ ਕਾਨੂੰਨ ਤੇ ਵਿਵਸਥਾ ਦਿਨਕਰ ਗੁਪਤਾ ਵੀ ਇਸ ਉਪਰੰਤ ਜਲਦੀ ਹੀ ਪਹੁੰਚ ਗਏ।

ਇਸ ਦੌਰਾਨ ਤਿੰਨ ਸੀਨੀਅਰ ਅਧਿਕਾਰੀਆਂ ਨੇ ਉਪ ਮੁੱਖ ਮੰਤਰੀ ਦੀਆਂ ਨਜ਼ਰਾਂ ਤੋਂ ਬਚਣ ਲਈ ਜੂਨੀਅਰ ਮੁੱਖ ਗੇਟ ਦੀ ਜਗ੍ਹਾ ਅਧਿਕਾਰੀਆਂ ਵੱਲੋਂ ਵਰਤੇ ਜਾਂਦੇ ਪਿਛਲੇ ਗੇਟ ਰਾਹੀਂ ਹੈਡਕੁਆਰਟਰ ਅੰਦਰ ਪ੍ਰਵੇਸ਼ ਕਰਨ ਨੂੰ ਤਰਜੀਹ ਦਿੱਤੀ। ਇੰਨ੍ਹਾਂ ਅਧਿਕਾਰੀਆਂ ਨੂੰ ਉਪ ਮੁੱਖ ਮੰਤਰੀ ਅਤੇ ਪੁਲਿਸ ਮੁਖੀ ਵੱਲੋਂ ਤਾੜਨਾ ਕੀਤੀ ਗਈ ਕਿ ਉਹ ਭਵਿੱਖ 'ਚ ਸੀਨੀਅਰ ਅਧਿਕਾਰੀਆਂ ਵਜੋਂ ਪੇਸ਼ ਆਉਣ।

ਇਸ ਤੋਂ ਪਹਿਲਾਂ ਉਪ ਮੁੱਖ ਮੰਤਰੀ ਪੁਲਿਸ ਹੈਡਕੁਆਰਟਰ ਦੇ ਮੁੱਖ ਗੇਟ ਸਾਹਮਣੇ ਹੀ ਕੁਰਸੀ 'ਤੇ ਬੈਠ ਗਏ ਅਤੇ ਦੇਰੀ ਨਾਲ ਆ ਰਹੇ ਸਾਰਿਆਂ ਪੁਲਿਸ ਅਧਿਕਾਰੀਆਂ ਨੂੰ ਹੇਡਕੁਆਟਰ ਦੀ ਹੇਠਲੀ ਮੰਜਿਲ 'ਤੇ ਹੀ ਇੱਕ ਕਮਰੇ ਅੰਦਰ ਇੰਤਜਾਰ ਕਰਨ ਲਈ ਕਿਹਾ ਗਿਆ। ਇਸ ਉਪਰੰਤ ਇੰਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਫਤਰੀ ਸਮੇਂ ਪ੍ਰਤੀ ਅਜਿਹਾ ਢਿੱਲਾ ਰਵੱਈਆ ਭਵਿੱਖ 'ਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਭਵਿੱਖ 'ਚ ਦੇਰੀ ਨਾਲ ਦਫਤਰ ਪਹੁੰਚਣ ਵਾਲੇ ਅਧਿਕਾਰੀ ਵਿਰੁੱਧ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਇਸ ਉਪਰੰਤ ਸ. ਬਾਦਲ ਵੱਲੋਂ ਪੁਲਿਸ ਮੁਖੀ ਦੇ ਦਫਤਰ 'ਚ ਇੱਕ ਮੀਟਿੰਗ ਵੀ ਬੁਲਾਈ ਗਈ। ਇਸ ਦੌਰਾਨ ਉਨ੍ਹਾਂ ਪੁਲਿਸ ਮੁਖੀ ਸ੍ਰੀ ਸੁਮੇਧ ਸੈਣੀ ਨੂੰ ਕਿਹਾ ਕਿ ਉਹ ਦੇਰੀ ਨਾਲ ਦਫਤਰ ਆਉਣ ਵਾਲੇ ਅਧਿਕਾਰੀਆਂ ਤੋਂ ਜਵਾਬ ਤਲਬੀ ਕਰਨ। ਉਨ੍ਹਾਂ ਇਸ ਗੱਲ ਨੂੰ ਵੀ ਗੰਭੀਰਤਾ ਨਾਲ ਲਿਆ ਕਿ ਕੁਝ ਅਧਿਕਾਰੀ 11 ਵਜੇ ਤੱਕ ਵੀ ਦਫਤਰ ਨਹੀਂ ਪਹੁੰਚੇ ਸਨ। ਉਨ੍ਹਾਂ ਗ੍ਰਹਿ ਸਕੱਤਰ ਨੂੰ ਆਦੇਸ਼ ਦਿੱਤੇ ਕਿ ਉਹ 48 ਘੰਟਿਆਂ 'ਚ ਜਾਂਚ ਸ਼ੁਰੂ ਕਰਦਿਆਂ ਇਹ ਪਤਾ ਲਾਉਣ ਕਿ ਇਹ ਅਧਿਕਾਰੀ ਬਿਨਾ ਛੁੱਟੀ ਲਿਆਂ ਇਸ ਤਰ੍ਹਾਂ ਦੀ ਲਾਪਰਵਾਹੀ ਕਿਉਂ ਕਰ ਰਹੇ ਸਨ।

ਸੀਨੀਅਰ ਪੁਲਿਸ ਅਧਿਕਾਰੀ ਜੋਂ ਇਸ ਮੌਕੇ ਡਿਊਟੀ ਤੋਂ ਗੈਰ-ਹਾਜਿਰ ਪਾਏ ਗਏ ਉਨ੍ਹਾਂ 'ਚ ਡੀਜੀਪੀ ਮਨੁੱਖੀ ਸਰੋਤ ਵਿਕਾਸ ਐਸ. ਕੇ. ਸ਼ਰਮਾ, ਏਡੀਜੀਪੀ ਪਾਲਿਸੀ ਐਂਡ ਰੂਲਜ ਮੁਹੰਮਦ ਮੁਸਤਫਾ, ਆਈਜੀ ਟ੍ਰੈਫਿਕ ਆਰ.ਪੀ.ਐਸ. ਬਰਾਰ, ਆਈਜੀ ਕਮਿਊਨਿਟੀ ਪੁਲਿਸਿੰਗ ਅਨੀਤਾ ਪੁੰਜ, ਆਈਜੀ ਇਨਫਰਮੇਸ਼ਨ ਟੈਕਨਾਲੋਜੀ ਕੇ.ਜੇ.ਐਸ. ਪੰਨੂ, ਆਈਜੀ ਨਵੀਨੀਕਰਨ ਸ਼ਸ਼ੀ ਪ੍ਰਭਾ, ਡੀਆਈਜੀ ਅਨੰਨਯਾ ਗੌਤਮ ਅਤੇ ਡੀਆਈਜੀ ਨਿਲਭ ਕਿਸ਼ੋਰ ਤੋਂ ਇਲਾਵਾ 6 ਐਸਪੀ ਅਤੇ ਏਆਈਜੀ ਸ਼ਾਮਿਲ ਸਨ।

ਇਸੇ ਦੌਰਾਨ ਸ੍ਰੀ ਜੰਗਵੀਰ ਸਿੰਘ ਨੇ ਦੱਸਿਆ ਕਿ ਉਪ ਮੁੱਖ ਮੰਤਰੀ ਨੇ ਪੁਲਿਸ ਮੁਖੀ ਨੂੰ ਹੈਡਕੁਆਰਟਰ ਤੇ ਹੋਰਨਾਂ ਸਥਾਨਾਂ 'ਤੇ ਸਮੇਂ ਸਿਰ ਹਾਜਰੀ ਯਕੀਨੀ ਬਣਾਈ ਜਾਵੇ। ਸ. ਬਾਦਲ ਨੇ ਨਿਰਦੇਸ਼ ਦਿੱਤੇ ਕਿ ਸਾਰਿਆਂ ਜ਼ਿਲ੍ਹਿਆਂ ਦੇ ਪੁਲਿਸ ਮੁਖੀ ਠੀਕ 9 ਵਜੇ ਆਪਣੇ ਦਫਤਰ ਹਾਜਿਰ ਹੋਣ ਤਾਂ ਕਿ ਉਹ ਸਮੇਂ ਸਿਰ ਲੋੜੀਂਦੀਆਂ ਪ੍ਰਸ਼ਾਸਨਿਕ ਜ਼ਿੰਮੇਵਾਰੀ ਨਿਭਾਉਣ ਦੇ ਨਾਲ-ਨਾਲ ਲੋਕਾਂ ਦੇ ਮੁਸ਼ਕਲਾਂ ਵੀ ਹੱਲ ਕਰ ਸਕਣ।

# ਧਰਮਾਂ ਵਿਚ ਚਮਤਕਾਰ ਯਥਾਰਥ ਨਹੀਂ, ਸਗੋਂ ਕਲਪਨਾ ਹਨ

(ਸਫਾ 15 ਦੀ ਬਾਕੀ)

ਮੋਹ ਜਾਲ ਵਿਚ ਫਸਾ ਕੇ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਧਰਮ ਦਾ ਇਹਨਾਂ ਚਮਤਕਾਰਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਧਰਮ ਆਦਮੀ ਨੂੰ ਤਾਕਤਵਰ ਬਣਾਉਂਦਾ ਹੈ, ਮਨੁੱਖ ਨੂੰ ਕੁਝ ਕਰਨ ਤੇ ਚੰਗਾ ਸੋਚਣ ਦੀ ਪ੍ਰੇਰਨਾ ਦਿੰਦਾ ਹੈ, ਜਦਕਿ ਚਮਤਕਾਰ ਉਸ ਨੂੰ ਨਿਤਾਣਾ ਤੇ ਕਮਜ਼ੋਰ ਬਣਾਉਂਦੇ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮਾਜ ਨੂੰ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਵਿਚੋਂ ਕੱਢਿਆ ਕਿਵੇਂ ਜਾਵੇ? ਅੰਧ ਵਿਸ਼ਵਾਸਾਂ ਤੋਂ ਛੁਟਕਾਰਾ ਪਾਉਣ ਲਈ ਖਾਸ ਕਰ ਔਰਤਾਂ ਤੇ ਨੌਜਵਾਨਾਂ ਨੂੰ ਤਰਕ ਦੇ ਆਧਾਰ 'ਤੇ ਵਿਗਿਆਨਕ ਤਰੀਕੇ ਨਾਲ ਹਰ ਸਮੱਸਿਆ ਦੇ ਕਾਰਨਾਂ ਨੂੰ ਲੱਭਣਾ ਤੇ ਹੱਲ ਕਰਨਾ ਪਵੇਗਾ। ਜਦੋਂ ਅਸੀਂ ਕਿਸੇ ਵੀ ਸਮੱਸਿਆ ਨੂੰ ਕੀ, ਕਦੋਂ ਤੇ ਕਿਵੇਂ ਦੇ ਤਰਕ ਆਧਾਰਿਤ ਫ਼ਾਰਮੂਲੇ ਨਾਲ ਸਮਝ ਕੇ ਕਾਰਨ ਲੱਭਣ ਦਾ ਯਤਨ ਕਰਦੇ ਹਾਂ ਤਾਂ ਸਮੱਸਿਆਵਾਂ ਦੇ ਕਾਰਨ ਤੇ ਹੱਲ ਦਾ ਖਾਕਾ ਸਾਡੇ ਦਿਮਾਗ ਵਿਚ ਤੁਰੰਤ ਆ ਜਾਂਦਾ ਹੈ। ਅੱਜ ਸਮੇਂ ਦੀ ਤ੍ਰਾਸਦੀ ਤੇ ਦੁਖਾਂਤ ਇਹ ਹੈ ਕਿ ਪਿਛਾਂਹ ਖਿੱਚੂ ਵਿਚਾਰ ਅਤੇ ਅੰਧ ਵਿਸ਼ਵਾਸਾਂ ਨਾਲ ਭਰੇ ਰੀਤੀ-ਰਿਵਾਜ਼ ਭਾਰੂ ਹੋਣ ਕਾਰਨ ਵਿ-ਗਿਆਨਕ ਕਾਰਨਾਂ ਤੇ ਹੱਲ ਨੂੰ ਮੰਨਣ ਦੀ ਜਗ੍ਹਾ ਲੋਕ ਭੁਲੇਖੇ ਤੇ ਰਹੱਸਵਾਦ ਦਾ ਸ਼ਿਕਾਰ ਹੁੰਦੇ ਹਨ। ਅਸੀਂ ਆਮ ਦੇਖਦੇ ਹਾਂ ਕਿ ਸਾਡੇ ਪੜ੍ਹੇ- ਲਿਖੇ ਨੌਜਵਾਨ ਲੜਕੇ ਤੇ ਲੜਕੀਆਂ ਆਪਣੀ ਬਾਂਹ ਦੇ ਗੁੱਟ ਤੇ ਮੌਲੀ ਬੰਨ੍ਹ ਕੇ ਰੱਖਦੇ ਹਨ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਮੌਜੂਦਾ ਸਮੇਂ ਦੇ ਹਾਣ ਦੀ ਨਹੀਂ ਹੈ ਤੇ ਵਿਗਿਆਨਕ ਸਿਧਾਂਤਾਂ ਤੋਂ ਕੋਸਾਂ ਦੂਰ ਹੈ। ਇਸੇ ਕਰਕੇ ਸਮਾਜ ਵਿਚ ਅੰਧ ਵਿਸ਼ਵਾਸ ਉਹ ਜ਼ਰਖੇਜ਼ ਜਮੀਨ ਬਣ ਰਹੇ ਹਨ, ਜਿੱਥੇ ਚਮਤਕਾਰਾਂ ਤੇ ਕਰਾਮਾਤਾਂ ਲਈ ਯਕੀਨ ਪੈਦਾ ਹੋ ਰਿਹਾ ਹੈ। ਆਪਣੀ ਸੂਝ-ਬੂਝ ਦੀ ਵਰਤੋਂ ਕਰਨ ਦੀ ਬਜਾਏ ਮਿੱਥਕ ਵਿਚਾਰ ਤੇ ਕਲਪਨਾਤਮਿਕ ਧਾਰਨਾਵਾਂ ਨੂੰ ਹੀ ਲਾਗੂ ਕੀਤਾ ਜਾ ਰਿਹਾ ਹੈ। ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਮੁੰਦਰੀ ਪਾਉਣਾ ਤੇ ਉਸ ਵਿਚ ਖਾਸ ਨਗ ਜੜਵਾਉਣਾ ਵੀ ਨੌਜਵਾਨਾਂ ਦਾ ਇਹੋ ਰੁਝਾਨ ਦੱਸਦਾ ਹੈ ਕਿ ਉਹਨਾਂ ਦੀ ਮਾਨਸਿਕਤਾ ਹਾਲੇ ਵੀ ਕਿੰਨੀ ਰੂੜ੍ਹੀਵਾਦੀ ਹੈ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹਰ ਜ਼ਿਲ੍ਹੇ ਤੇ ਬਲਾਕ ਪੱਧਰ 'ਤੇ 'ਗਿਆਨ-ਵਿਗਿਆਨ ਦੀ ਸਮਾਜਿਕ ਜੀਵਨ ਵਿਚ ਲੋੜ ਤੇ ਮਹੱਤਤਾ' ਵਿਸ਼ੇ 'ਤੇ ਸੈਮੀਨਾਰ ਤੇ ਗੋਸ਼ਟੀਆਂ ਦਾ ਪ੍ਰਬੰਧ ਕਰਨ ਤਾਂ ਜੋ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣ ਸਕੇ ਤੇ ਲੋਕਾਂ ਵਿਚ ਤਰਕ ਦੀ ਚੇਤਨਾ ਪੈਦਾ ਹੋ ਸਕੇ, ਜਿਵੇਂ-ਜਿਵੇਂ ਮਨੁੱਖ ਵਿਚ ਆਪਣੀ ਸੋਚਣ ਸ਼ਕਤੀ, ਆਪਣੀ ਯੋਗਤਾ ਅਤੇ ਆਪਣੀ ਸਰਗਰਮੀ ਵਿਚ ਵਿਸ਼ਵਾਸ ਵਧੇਗਾ, ਉਹ ਚਮਤਕਾਰੀ ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਦੇ ਮਾਇਆ ਜਾਲ ਤੋਂ ਮੁਕਤੀ ਪ੍ਰਾਪਤ ਕਰਦਾ ਜਾਏਗਾ। ਇਸਦੇ ਨਾਲ ਹੀ ਸਰਕਾਰ ਇਕ ਅਜਿਹਾ ਕਾਨੂੰਨ ਬਣਾਵੇ, ਜਿਸ ਵਿਚ ਅੰਧ-ਵਿਸ਼ਵਾਸ ਤੇ ਚਮਤਕਾਰ ਕਰਨ ਦਾ ਪ੍ਰਚਾਰ ਕਰਨ ਵਾਲਿਆਂ ਖਿਲਾਫ ਸਜਾਅ ਦਾ ਪ੍ਰਾਵਧਾਨ ਹੋਵੇ। ਤਦ ਹੀ ਸਾਡਾ ਸਮਾਜ ਅਸਲ ਵਿਚ 21ਵੀਂ ਸਦੀ ਦਾ ਵਿਗਿਆਨਕ ਯੁੱਗ ਅਖਵਾਉਣ ਦਾ ਹੱਕਦਾਰ ਹੋਵੇਗਾ।

"My social philosophy may be said to be enshrined in three words: liberty, equality and fraternity. My philosophy has roots in religion and not in political science. I have derived them from the teachings of my master, the Buddha."

- Bodhisatta Babasaheb B.R.Ambedkar



ਬਾਬਾ ਸਾਹਿਬ ਡਾ.ਅੰਬੇਦਕਰ ਜੀ ਦੇ 58ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।

Amardeep Chahal
s/o Bihari Lal Chahal
King City (California)
831-776-0135



## ਬਾਬਾ ਸਾਹਿਬ ਜੀ ਦੇ ਕੁਝ ਸੰਦੇਸ਼ ਜੋ ਸਮਝਣਯੋਗ ਹਨ



1. ਮਾਨਸਿਕ ਆਜ਼ਾਦੀ ਹੀ ਅਸਲ ਆਜ਼ਾਦੀ ਹੈ। ਜੋ ਮਾਨਸਿਕ ਤੌਰ ਤੇ ਆਜ਼ਾਦ ਨਹੀਂ ਉਹ ਆਜ਼ਾਦ ਹੁੰਦੇ ਹੋਏ ਵੀ ਗੁਲਾਮ ਹੈ ਅਤੇ ਜਿਉਂਦੇ ਹੋਏ ਵੀ ਮਰੇ ਸਮਾਨ ਹੈ। ਮਨ ਦੀ ਆਜ਼ਾਦੀ ਹੀ ਜੀਵਨ ਦਾ ਮੰਤਵ ਹੈ। ਜੋ ਆਪਣੀ ਬੁੱਧੀ ਨੂੰ ਜਾਗਰੂਕ ਰੱਖਦੇ ਹੋਏ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕ ਰਹਿੰਦਾ ਹੈ, ਮੈਂ ਉਸ ਨੂੰ ਆਜ਼ਾਦ ਮੰਨਦਾ ਹਾਂ। ਜੋ ਪ੍ਰੰਪਰਾਵਾਂ ਅਤੇ ਸਮੇਂ ਦਾ ਗੁਲਾਮ ਨਹੀਂ ਹੈ ਜਿਸ ਦੇ ਵਿਚਾਰਾਂ ਦੀ ਜੋਤ ਬੁੱਝੀ ਨਹੀਂ ਹੈ, ਜੋ ਵਿਰੋਧੀ ਸਮੂਹ ਤੋਂ ਘਬਰਾਂਦਾ ਨਹੀਂ, ਦੂਜਿਆਂ ਦੇ ਹੱਥਾਂ ਦਾ ਖਿਡੌਣਾ ਨਹੀਂ ਬਣਦਾ, ਐਨੀ ਬੁੱਧੀ ਤੇ ਸਵੈ-ਮਾਣ ਜਿਸ ਦੇ ਕੋਲ ਹੈ, ਮੈਂ ਉਸ ਨੂੰ ਆਜ਼ਾਦ ਮੰਨਦਾ ਹਾਂ।

2. ਗ਼ੁਲਾਮਾਂ ਨੂੰ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਖੁਦ ਤੋੜਨੀਆਂ ਪੈਣ-ਗੀਆਂ। ਉਨ੍ਹਾਂ ਦੇ ਮਾਲਕ ਇਨ੍ਹਾਂ ਜ਼ੰਜ਼ੀਰਾਂ ਨੂੰ ਕਿਉਂ ਤੋੜਨਗੇ? ਉਹ ਆਪਣੇ ਪੈਰਾਂ ਤੇ ਆਪ ਕੁਲਹਾੜੀ ਕਿਉਂ ਮਾਰਨਗੇ? ਅਪਮਾਨਿਤ ਹੋ ਕੇ ਜਿਉਂਦੇ ਰਹਿਣਾ ਲਾਹਨਤ ਹੈ। ਆਤਮ ਵਿਸ਼ਵਾਸ ਨਾਲ ਜੀਵਨ ਜੀਣਾ ਅਤਿ ਅਵੱਸ਼ਕ ਹੈ। ਇਸ ਤੋਂ ਬਿਨਾਂ ਜੀਵਨ ਵਿਅਰਥ ਹੈ। ਸਵੈ-ਮਾਣ ਨਾਲ ਜੀਵਨ ਜਿਊਣ ਲਈ ਬੇਸ਼ੁਮਾਰ ਕਠਿਨਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰੰਤੂ ਕਠਿਨਾਈਆਂ ਤੇ ਸੰਘਰਸ਼ ਨਾਲ ਹੀ ਸ਼ਕਤੀ, ਵਿਸ਼ਵਾਸ ਤੇ ਮਾਨ ਪ੍ਰਾਪਤ ਹੋ ਸਕਦਾ ਹੈ। ਅਸੀਂ ਦਾਸ ਨਹੀਂ, ਯੋਧਾ ਵੰਸ਼ ਹਾਂ, ਇਸ ਦੇਸ਼ (ਭਾਰਤ) ਦੇ ਮਾਲਕ ਹਾਂ।

3. ਸਾਡੇ ਅੰਦੋਲਨ ਦਾ ਲਕਸ਼ ਕੇਵਲ ਆਪਣੀ ਅਯੋਗਤਾ ਦੂਰ ਕਰਨਾ ਹੀ ਨਹੀਂ ਹੈ ਬਲਕਿ ਦੇਸ਼ ਵਿਚ ਸਮਾਜਿਕ ਇਨਕਲਾਬ ਲਿਆਉਣਾ ਵੀ ਹੈ। ਇਕ ਐਸਾ ਇਨਕਲਾਬ ਜਿਸ ਰਾਹੀਂ ਉਚ ਤੋਂ ਉਚ ਪਦ ਤੇ ਪਹੁੰਚਣ ਲਈ ਹਰ ਮਨੁੱਖ ਨੂੰ ਬਰਾਬਰ ਮੌਕਾ ਮਿਲ ਸਕੇ। ਜਿੱਥੇ ਤੱਕ ਅਧਿਕਾਰਾਂ ਦਾ ਸਬੰਧ ਹੈ ਮਨੁੱਖ-ਮਨੁੱਖ ਵਿਚਕਾਰ ਭੇਦ ਭਾਵ ਨਾ ਕਰਦੇ ਹੋਏ ਜਾਤੀ ਤੇ ਜਮਾਤੀ ਰਹਿਤ ਸਮਾਜ ਦੀ ਸਿਰਜਨਾ ਕਰਨਾ ਹੈ।

ਬਾਬਾ ਸਾਹਿਬ ਡਾ.ਅੰਬੇਦਕਰ ਜੀ ਦੇ
58ਵੇਂ ਪ੍ਰੀਨਿਰਵਾਣ ਦਿਵਸ ਤੇ ਸ਼ਰਧਾਂਜਲੀ ਭੇਂਟ ਕਰਦੇ ਹਾਂ।

United Awareness
Committee of Ravidassia
Community Californial USA

# ਮੂਲ ਨਿਵਾਸੀਆਂ ਦੀਆਂ ਮੂਲ ਦੁਸ਼ਵਾਰੀਆਂ ਦਾ ਲਖਾਇਕ-ਖੌਲਦਾ ਮਹਾਂਸਾਗਰ-2

ਪ੍ਰੋ: ਗੁਰਨਾਮ ਸਿੰਘ ਮੁਕਤਸਰ ਜਿਸ ਮੁਕਾਮ ਤੇ ਅੱਜ ਪਹੁੰਚ ਗਿਆ ਹੈ ਉਥੇ ਪਹੁੰਚਣਾ ਹਰ ਇਕ ਦੇ ਵੱਸ ਦੀ ਗਲ ਨਹੀਂ? ਅੱਜ ਉਹ ਕਿਸੇ ਕਿਸਮ ਦੀ ਜਾਣ ਪਛਾਣ ਦਾ ਮੁਥਾਜ ਨਹੀਂ? ਦਲਿਤ ਬਹੁਜਨ ਤਾਂ ਪੰਜਾਬ ਹੀ ਨਹੀਂ ਪੰਜਾਬ ਤੋਂ ਬਾਹਰ ਵੀ ਦੇਸ਼ ਅਤੇ ਵਿਦੇਸ਼ਾਂ ਵਿਚ ਵੀ ਛੋਟੇ ਤੋਂ ਵੱਡੇ ਤਕ, ਅਨਪੜ੍ਹ ਤੋਂ ਵਿਦਵਾਨ ਤਕ ਬਹੁ ਗਿਣਤੀ ਉਸਦੇ ਨਾਂ ਤੋਂ ਵਾਕਫ਼ ਹਨ?

ਇਹਨਾਂ ਤੋਂ ਇਲਾਵਾ ਗੈਰ-ਦਲਿਤ ਵੀ ਹਰ ਧਰਮ, ਹਰ ਤਬਕੇ ਅਤੇ ਹਰ ਵਿਚਾਰਧਾਰਾ ਦੇ ਲੋਕੀਂ ਉਸ ਨੂੰ ਇਸ ਲਈ ਪੜ੍ਹਦੇ ਹਨ ਤਾਂ ਕਿ ਦਲਿਤ ਬਹੁ ਜਨਾਂ ਬਾਰੇ ਜਾਣ ਸਕਣ ਕਿ ਉਨ੍ਹਾਂ ਦੇ ਦਿਮਾਗ ਵਿਚ ਹੁਣ ਕੀ ਚਲ ਰਿਹਾ ਹੈ, ਉਹ ਕਿਥੇ ਕੁ ਤਕ ਜਾਗ੍ਰਿਤ ਹੋ ਚੁੱਕੇ ਹਨ ਤੇ ਕੀ ਕਰਨਾ ਚਾਹੁੰਦੇ ਹਨ? ਉਸ ਦੀਆਂ ਲਿਖਤਾਂ ਦਲਿਤ-ਬਹੁਜਨਾਂ ਦੀ ਜਾਗਰਿਤੀ ਦਾ ਪੈਮਾਨਾ ਬਣ ਚੁੱਕਿਆ ਹੈ? ਜਿਵੇਂ ਬ੍ਰਾਹਮਣਵਾਦ ਗਾਹੇ-ਬਗਾਹੇ ਮੂਰਤੀ ਦੇ ਦੁੱਧ ਪੀਣ, ਮੂਰਤੀ ਚਾਂਦੀ ਤੋਂ ਸੋਨੇ ਦੀ ਬਣਨ, ਮੂਰਤੀ ਦੇ ਗਲ ਵਿਚ ਪਈ ਮਾਲਾ ਦਾ ਵੱਧ ਜਾਣਾ, ਦਰਖਤਾਂ 'ਚੋਂ ਦੁੱਧ ਨਿਕਲਣਾ, ਆਦਿ ਵਰਗੇ ਚਮਤਕਾਰੀ ਅਤੇ ਗੈਰ ਵਿਗਿਆਨਕ ਕਾਰਨਾਮੇ ਰਚਾਕੇ ਪਰਖਦਾ ਰਹਿੰਦਾ ਹੈ ਕਿ ਉਸਦੇ ਬ੍ਰਾਹਮਣਵਾਦੀ ਜਾਦੂ ਦਾ ਲੋਕਾਂ ਵਿਚ ਕਿੰਨਾ ਕੁ ਅਸਰ ਚਲ ਰਿਹਾ ਹੈ? ਤਿਵੇਂ ਹੀ ਗੁਰਨਾਮ ਸਿੰਘ ਦੀ ਨਵੀਂ ਛੱਪਕੇ ਆਈ ਕਿਤਾਬ ਤੋਂ ਵਿਰੋਧੀ ਤਾਕਤਾਂ ਅੰਦਾਜ਼ਾ ਲਾਉਂਦੀਆਂ ਹਨ ਕਿ ਦਲਿਤ ਬਹੁਜਨਾਂ ਦੀ ਸੋਚ ਕਿਸ ਪੱਧਰ ਤਕ ਪਹੁੰਚ ਚੁੱਕੀ ਹੈ? ਇਹ ਕੋਈ ਅਤਿ ਕਥਨੀ ਨਹੀਂ ਹੈ? ਗੁਰਨਾਮ ਸਿੰਘ ਦੀ ਕੋਈ ਵੀ ਕਿਤਾਬ ਛਪਦੀ ਹੈ ਉਹ ਝੱਟ ਵਿਕ ਜਾਂਦੀ ਹੈ ਜਿਦਦਾ ਭਾਵ ਹੈ ਕਿ ਦਲਿਤ-ਬਹੁਜਨ ਦੀ ਗੱਲ ਸੁਣ ਰਿਹਾ ਹੈ, ਪਸੰਦ ਕਰ ਰਿਹਾ ਹੈ ਤੇ ਜੇ ਪਸੰਦ ਕਰ ਰਿਹਾ ਹੈ ਤਾਂ ਕਿਸੇ ਹੱਦ ਤੱਕ ਅਮਲ ਵੀ ਕਰ ਰਿਹਾ ਹੋਵੇਗਾ? ਵਿਰੋਧੀ ਤਾਕਤਾਂ ਉਸ ਸ਼ ਬੇਅਸਰ ਕਰਨ ਲਈ ਪੈਂਤੜੇ ਅਖਤਿਆਰ ਕਰਦੀਆਂ ਹਨ? "ਭਾਰਤੀ ਲੋਕ ਨੀਚ ਕਿਵੇਂ ਬਣੇ"ਦੀਆਂ ਅੱਠ ਐਡੀਸ਼ਨਾਂ ਛੱਪ ਜਾਣੀਆਂ ਇਸਦਾ ਮੂੰਹ ਬੋਲਦਾ ਸਬੂਤ ਹੈ ਕਿ ਦਲਿਤ ਬਹੁਜਨ ਉਸ ਨੂੰ ਪਸੰਦ ਕਰਦੇ ਹਨ? ਉਹ ਇੱਡੇ ਵੱਡੇ ਗਰੰਥ ਸ਼ ਕਿਸੇ ਧਾਰਮਿਕ ਗਰੰਥ ਵਾਂਗੂੰ ਸ਼ਿੱਦਤ ਤੇ ਸ਼ਰਧਾ ਨਾਲ ਪੜ੍ਹਦੇ ਹਨ? ਨਹੀਂ ਤਾਂ ਪੰਜਾਬੀ ਲੇਖਕ ਪੰਜਾਹ ਸੌ ਕੀਮਤ ਵਾਲੀਆਂ ਕਿਤਾਬਾਂ ਛਪਵਾ ਕੇ ਵੀ ਮੁਫਤ ਵੰਡਦੇ ਵੇਖੇ ਜਾ ਸਕਦੇ ਹਨ? ਇਹ ਭਾਵੇਂ ਸਾਡੀ ਤਰਾਸਦੀ ਹੈ ਕਿ ਅਸੀਂ ਕਿਤਾਬਾਂ ਪੜ੍ਹਨ ਦੀ ਆਦਤ ਬਣਾਈ ਹੀ ਨਹੀਂ ਜਿਸ ਕਰਕੇ ਲੇਖਕ ਆਪਣੀ ਪੁਸਤਕ ਮੁਫਤ ਤੋਹਫਿਆਂ ਤੇ ਤੌਰ ਤੇ ਵੰਡਣੀ ਪੈਂਦੀ ਹੈ? ਪਰ ਗੁਰਨਾਮ ਸਿੰਘ ਸਾਡੀ ਇਸ ਆਦਤ ਦਾ ਅਪਵਾਦ ਹੈ? ਇਹ ਉਸਦੀ ਮਿਹਨਤ, ਉਸਦੀ ਸਮਰਪਿਤ ਭਾਵਨਾ ਅਤੇ ਕਲਮ ਦੀ ਤਾਕਤ ਦਾ ਜਾਦੂ ਹੈ? ਉਸਨੇ ਬਾਬਾ ਸਾਹਿਬ ਡਾ. ਅੰਬੇਦਕਰ ਪੜ੍ਹਿਆ, ਵਿਚਾਰਿਆ, ਆਪਣੇ ਬ੍ਰਜ਼ੁਰਗਾਂ ਦੇ ਇਤਿਹਾਸ ਸ਼ ਘੋਖਣ ਲਈ ਅੰਤਾਂ ਦੀ ਮਿਹਨਤ ਕੀਤੀ ਕਾਂਸ਼ੀ ਰਾਮ ਵਰਗੇ ਯੁਗ ਪੁਰਸ਼ ਤੋਂ ਅਗਵਾਈ ਲਈ, ਜਾਣਕਾਰੀ ਲਈ, ਦਿਸ਼ਾ ਲਈ ਅਤੇ ਇਸ ਵਿਚੋਂ ਜੋ ਹੀਰੇ ਮੋਤੀ ਉਸ ਨੂੰ ਲੱਭੇ ਉਹ ਲੈ ਕੇ ਉਹ ਘਰਾਂ, ਬਸਤੀਆਂ, ਵਿਹੜਿਆਂ ਵਿਚ ਗਿਆ, ਵਿਦਵਾਨਾਂ ਦੀਆਂ ਮਹਿਫਲਾਂ ਵਿਚ ਗਿਆ, ਸਿਆਣਿਆਂ ਦੀਆਂ ਚਰਚਾਂ-ਬੈਠਕਾਂ ਵਿਚ ਗਿਆ ਦਿਨ ਨਹੀਂ ਵੇਖਿਆ, ਰਾਤ ਨਹੀਂ ਵੇਖੀ, ਸਰਦੀ ਜਾਂ ਗਰਮੀ ਨਹੀਂ ਵੇਖੀ, ਝੱਖੜ ਤੇ ਤੂਫਾਨ ਨਹੀਂ ਵੇਖੇ ਤੇ ਉਹ ਬੱਸ ਲਗਾਤਾਰ ਤੁਰਦਾ ਹੀ ਗਿਆ? ਕੰਡਿਆਲੇ ਰਾਹ ਵੀ ਆਏ, ਸੰਘਣੇ ਜੰਗਲ ਵੀ ਆਏ, ਪੈਰ ਲਹੂ-ਲੁਹਾਣ ਵੀ ਹੋਏ, ਸਰੀਰ ਪੱਛਿਆ ਵੀ ਗਿਆ ਪਰ ਕੋਈ ਵੀ ਔਕੜ ਉਸਦਾ ਰਾਹ ਨਾ ਰੋਕ ਸਕੀ? ਉਹ ਰਾਹਾਂ ਤੇ ਤੁਰਿਆ, ਕਾਫ਼ਲੇ ਦਾ ਹਿੱਸਾ ਬਣਿਆ ਹੋਰ ਕਾਫ਼ਲੇ ਬਣਾਏ ਤੇ ਫੇਰ ਅਗਾਂਹ ਹੀ ਅਗਾਂਹ ਵਧਦਾ ਗਿਆ? ਫਿਰ ਜਿਵੇਂ ਅਕਸਰ ਸਾਡੀ ਆਦਤ ਹੈ ਆਪਣਿਆਂ ਨੇ ਹੀ ਉਸਤੇ ਸਵਾਲੀਆ ਚਿੰਨ੍ਹ ਖੜ੍ਹੇ ਕਰਨੇ ਸ਼ੁਰੂ ਕਰ ਦਿੱਤੇ, ਲੱਤਾਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ, ਕਾਫ਼ਲਿਆਂ ਦੇ ਬਣੇ ਸਰਦਾਰ ਫਿਰ ਪਿੱਛੇ ਖਿੱਚ ਲਿਆ ਗਿਆ? ਪਰ ਉਹ ਬੈਠ ਨਾ ਸਕਿਆ? ਸੀਨੇ ਖਿੱਚ ਖਾਧੀ ਦਾ ਕੀ ਕਰਦਾ? ਬਾਬਾ ਸਾਹਿਬ ਦੇ ਗਿਆਨ ਵਾਲਾ ਸ਼ੇਰਨੀ ਦਾ ਦੁੱਧ ਪੀ ਕੇ ਕਿਵੇਂ ਨਿਸੱਲ ਹੋ ਕੇ ਬੈਠ ਜਾਂਦਾ? ਕਿਵੇਂ ਬਾਬਾ ਸਾਹਿਬ ਨਾਲ ਵਫ਼ਾਦਾਰੀ ਜਾਂ ਦਿਸ਼ਾ ਬਦਲ ਲੈਂਦਾ? ਤੇ ਫਿਰ ਉਸਨੇ ਉਸੇ ਹੀ ਰਫ਼ਤਾਰ ਨਾਲ ਦੌੜ ਸ਼ੁਰੂ ਕਰ ਦਿੱਤੀ? ਕਿਉਂਕਿ ਨਿਜੀ ਅਹੁਦੇ ਜਾਂ ਨਿਜੀ ਹਿੱਤ ਉਸ ਲਈ ਕੁਝ ਨਹੀਂ ਸਨ ਤੇ ਨਾ ਹੀ ਉਹ ਵਿਕਾਊ ਮਾਲ ਸੀ? ਉਹ ਤਾਂ ਆਪਣੇ ਸਮਾਜ ਨੂੰ ਪਰਣਾਇਆ ਹੋਇਆ ਸੀ ਫਿਰ ਉਸ ਨੂੰ ਕੌਣ ਰੋਕ ਸਕਦਾ ਸੀ? ਉਹ ਕੁਝ ਲੈਣਾ ਥੋੜ੍ਹਾ ਹੀ ਚਾਹੁੰਦਾ ਸੀ ਉਹ ਤਾਂ ਦੇਣਾ ਹੀ ਚਾਹੁੰਦਾ ਸੀ? ਇਸੇ ਲਈ ਉਹ ਜਦੋਂ ਤੋਂ ਤੁਰਿਆ ਰੁਕਿਆ ਨਹੀਂ, ਵਿਰਾਮ ਨਹੀਂ ਕੀਤਾ, ਥੱਕਿਆ ਨਹੀਂ, ਹਾਰਿਆ ਨਹੀਂ ਤੇ ਬਸ ਤੁਰਦਾ ਹੀ ਜਾ ਰਿਹਾ ਹੈ ਤੇ ਉਹ ਕਦੇ ਰੁਕੇਗਾ ਵੀ ਨਹੀਂ? ਜਦੋਂ ਤਕ ਉਹ ਹੱਡ ਮਾਸ ਦਾ ਪੁਤਲਾ ਹੈ ਉਦੋਂ ਤਕ ਤਾਂ ਕੀ ਰੁਕੇਗਾ ਬਾਦ ਵਿਚ ਵੀ ਉਸਦਾ ਪੈਦਾ ਕੀਤਾ ਸਾਹਿਤ, ਉਸਦਾ ਕਾਫ਼ਲਾ ਤੁਰਦੇ ਰਹਿਣਗੇ ਤੇ ਤੁਰਦੇ ਹੀ ਰਹਿਣਗੇ? ਲੋਕਾਂ ਦੇ ਕਦਮ ਨਾਲ ਤੁਰਦੇ ਰਹਿਣਗੇ?

ਉਸਦਾ ਆਖਣਾ ਹੈ:ਮਿਟ ਜਾਵਾਂਗੇ ਅਸੀਂ ਪਰ,
ਸਾਡੀ ਕਹਾਣੀ ਨਹੀਂ ਮਰੇਗੀ
(ਬਘਿਆੜ-275)

ਇਹੋ ਜਿਹੇ ਇਨਸਾਨ ਬਾਰੇ ਕੁਝ ਲਿਖਣਾ ਇੰਨਾ ਸੌਖਾ ਨਹੀਂ? ਇਕ ਪਰਤ ਖੋਲ੍ਹੋ ਦੂਜੀ ਦਿੱਸ ਪੈਂਦੀ ਹੈ ਤੇ ਫਿਰ ਤੀਜੀ? ਤੇ ਇਵੇਂ ਉਸਦਾ ਸ਼ੋਰ ਲਗਾਤਾਰ ਤੁਰ ਰਿਹਾ ਹੈ? ਲੋਕੀਂ ਪਿਆਰ ਕਰਦੇ ਹਨ?

ਇਤਿਹਾਸ ਤੇ ਸਮਾਜ ਦੀਆਂ ਗੱਲਾਂ ਕਰਨ ਲਈ, ਸਮਝਣ ਲਈ ਉਸ ਨੂੰ ਸੱਦਦੇ ਹਨ? ਉਹ ਸਾਰੀ ਸਾਰੀ ਰਾਤ ਬੋਲਦਾ ਰਹਿੰਦਾ ਹੈ ਪਰ ਫਿਰ ਵੀ ਕਿੰਨਾ ਕੁਝ ਦੱਸਣ ਵਾਲਾ ਉਸ ਕੋਲ ਬੱਚ ਜਾਂਦਾ ਹੈ? ਪਿੰਡਾਂ ਵਿਚ ਜਾਂਦਾ ਹੈ ਸ਼ਹਿਰਾਂ ਵਿਚ, ਸੂਬਿਆਂ ਵਿਚ ਵੀ ਤੇ ਦੇਸ਼ ਵਿਦੇਸ਼ ਵਿਚ ਵੀ ਜਾਂਦਾ ਹੈ ਪਰ ਉਸਦਾ ਗਿਆਨ ਭੰਡਾਰ ਮੁੱਕਦਾ ਹੀ ਨਹੀਂ, ਨਾ ਲੋਕਾਂ ਦਾ ਪਿਆਰ ਮੁੱਕਦਾ ਹੈ? ਇੰਨੀ ਦੌੜ-ਭੱਜ ਵਿਚ ਉਹ ਕਲਮ ਦਾ ਸਾਥ ਵੀ ਉਸੇ ਸ਼ਿੱਦਤ ਨਾਲ ਨਿਭਾਅ ਰਿਹਾ ਹੈ? ਉਸਦੀ ਕਲਮ ਵੀ ਰੁਕਣ ਦਾ ਨਾਂ ਨਹੀਂ ਲੈਂਦੀ? ਹੁਣੇ ਜਿਹੇ ਤਿੰਨ ਪੁਸਤਕਾਂ ਛੱਪਕੇ ਆਈਆਂ ਹਨ ਤੇ ਚੌਥੀ ਇਹ ਖੌਲਦਾ ਮਹਾਂਸਾਗਰ-2 ਤਿਆਰ ਹੈ? ਇਸ ਤੋਂ ਬਾਦ ਇਕ ਹੋਰ ਤੇ ਫਿਰ ਇਕ ਹੋਰ? ਚਸ਼ਮਾ ਹੀ ਵਗ ਤੁਰਿਆ ਹੈ? ਇੰਜ ਉਹ ਪੁਸਤਕਾਂ ਲਿਖਣ ਦੇ ਨਾਲ ਨਾਲ, ਸਿਖਲਾਈ ਕੈਂਪ ਲਾਉਂਦਿਆਂ, ਜਲਸਿਆਂ ਵਿਚ ਭਾਸਣ ਦਿੰਦਿਆਂ, ਹਰ ਮਹੀਨੇ ਲਿਖਦਿਆਂ, ਸੰਗਠਨ ਦਾ ਕੰਮ ਕਰਦਿਆਂ ਦਿਨ-ਰਾਤ, ਮਹੀਨੇ, ਸਾਲ, ਲਗਾਤਾਰ ਸ਼ੋਰ ਤੇ ਹੀ ਹੈ? ਇਸ ਵਗਦੀ ਕਲਮ ਦੇ ਸ਼ੋਰ ਦਾ ਜਿੰਦਾ ਜਾਗਦਾ ਸਬੂਤ ਹੱਥਲੀ ਪੁਸਤਕ ਹੈ "ਖੌਲਦਾ ਮਹਾਂਸਾਗਰ-2"? ਇਸਦੀ ਪਹਿਲੀ ਜਿਲਦ ਵੀ ਸਾਢੇ ਸਤ ਸੌ ਸਫ਼ਿਆਂ ਦੀ ਹੈ ਤੇ ਇੰਨੇ ਕੁ ਹੀ ਇਸਦੇ ਬਣ ਜਾਣੇ ਹਨ ਤੇ ਫੇਰ ਇੰਨੇ ਕੁ ਹੀ ਤੀਸਰੀ ਤੇ ਚੌਥੀ ਜਿਲਦ ਦੇ? ਇਹ ਮੈਂ ਕਿਉਂ ਕਿਹਾ ਹੈ? ਕਿਉਂਕਿ ਇਹ ਲੜੀ ਜਿੱਥੇ ਦਲਿਤ-ਬਹੁਜਨਾਂ ਦੇ ਇਤਿਹਾਸ ਨਾਲ ਸਬੰਧਤ ਹੈ ਉਥੇ ਨਾਲ ਦੀ ਨਾਲ ਉਹਨਾਂ ਦੇ ਵਰਤਮਾਨ ਅਤੇ ਉਨ੍ਹਾਂ ਦੇ ਭਵਿੱਖ ਨਾਲ ਵੀ ਸਬੰਧਤ ਹੈ? ਨਾਲ ਦੀ ਨਾਲ ਇਹ ਲੇਖਕ ਦੀ ਸਵੈ ਜੀਵਨੀ ਬਣਕੇ ਵੀ ਉੱਭਰ ਰਹੀ ਹੈ? ਉਸਦੀ ਜੀਵਨੀ ਉਸਦੇ ਪਰਨਾਏ ਮਿਹਨਤ ਤੋਂ ਵੱਖਰੀ ਨਹੀਂ? ਉਸਨੇ ਅਸਲ ਇਤਿਹਾਸ ਸ਼ ਪੜ੍ਹਿਆ ਤੇ ਇਸਦੇ ਖਲਨਾਇਕਾਂ ਨੇ ਜਦੋਂ ਵੀ ਵਰਤਮਾਨ ਵਿਚ ਖਲਬਲੀ ਮਚਾਈ, ਪੁਰਾਣੇ ਹਥਕੰਡੇ ਅਪਣਾਏ ਤਾਂ ਉਸਦੀ ਕਲਮ ਬੋਲ ਉੱਠਦੀ ਹੈ, ਕੁਰਲਾ ਉਠਦੀ ਹੈ ਤੇ ਵਰਕੇ "ਤੇ ਵਰਕੇ ਉਲੀਕਦੀ ਚਲੀ ਜਾਂਦੀ ਹੈ? ਜਦੋਂ ਤਕ ਇਹ "ਰਾਜ ਪ੍ਰਬੰਧ" ਰਹੇਗਾ ਉਦੋਂ ਤਕ ਨਾ ਅਤੀਤ ਵਾਲੀਆਂ ਘਟਨਾਵਾਂ ਦੀ ਦੁਹਰਾਈ ਰੁਕਣੀ ਹੈ ਤੇ ਨਾ ਦਲਿਤ-ਬਹੁਜਨਾਂ ਦਾ ਵਰਤਮਾਨ ਤੇ ਭਵਿੱਖ ਸੰਵਰਨਾ ਹੈ ਤੇ ਨਾ ਇਹਨਾਂ ਨੂੰ ਉਲੀਕਣ ਵਾਲੀ ਗੁਰਨਾਮ ਸਿੰਘ ਦੀ ਕਲਮ ਰੁਕਣੀ ਹੈ ਤੇ ਪੁਸਤਕ ਲੜੀ ਅੱਗੇ ਤੋਂ ਅੱਗੇ ਤੁਰਦੀ ਚਲੀ ਜਾਵੇਗੀ:-

ਗਮਾਂ ਦੀ ਰਾਤ ਲੰਮੀ ਏ, ਜਾਂ ਮੇਰੇ ਗੀਤ ਲੰਮੇ ਨੇ?
ਨਾ ਭੈੜੀ ਰਾਤ ਮੁੱਕਦੀ ਏ, ਨਾ ਮੇਰੇ ਗੀਤ ਮੁੱਕਦੇ ਨੇ?
(ਸ਼ਿਵ)

ਦੁਨੀਆਂ ਦੇ ਹਰ ਦੇਸ਼ ਹਰ ਕੌਮ ਉਤੇ ਭੈੜੇ ਤੋਂ ਭੈੜਾ ਸਮਾਂ ਆਇਆ, ਕਿਸੇ ਉਤੇ ਥੋੜ੍ਹੇ ਚਿਰ ਲਈ ਕਿਸੇ ਉਤੇ ਜ਼ਿਆਦਾ ਸਮੇਂ ਲਈ ਆ ਕੇ ਜਾਂਦਾ ਰਿਹਾ ਪਰ ਮੈਨੂੰ ਨਹੀਂ ਲਗਦਾ ਕਿਸੇ ਕੌਮ ਨੇ ਇੰਨੇ ਲੰਬੇ ਸਮੇਂ ਤਕ ਇੰਨੀਆਂ ਭਿਆਨਕ, ਜੂਨ ਜਾਰ, ਬੇਰਹਿਮ, ਅਕੱਥ ਦੁਸ਼ਵਾਰੀਆਂ ਝੱਲੀਆਂ ਹੋਣਗੀਆਂ ਜਿੰਨੀਆਂ ਕਿ ਮੂਲਨਿਵਾਸੀ ਭਾਰਤੀਆਂ ਨੇ ਝੱਲੀਆਂ ਹਨ? ਇਥੇ ਕਈ ਦੇਸੀ, ਵਿਦੇਸ਼ੀ ਰਾਜਿਆਂ, ਮਹਾਰਾਜਿਆਂ, ਧਰਮਾਤਮਾ ਦੇ ਸਮੇਂ ਆਏ, ਚੰਗੀ ਤੋਂ ਚੰਗੀ ਵਿਚਾਰਧਾਰਾ ਆਈ, ਚੰਗੇ ਤੋਂ ਚੰਗੇ ਮਹਾਂਪੁਰਸ਼ ਆਏ, ਪਰ ਕੁਝ ਸਮਾਂ ਹੀ ਰਾਹਤ ਮਿਲੀ ਬਹੁਤਾ ਸਮਾਂ ਇਸ ਭਾਰਤ ਦੇਸ਼ ਵਿਚ ਅੰਦਰੂਨੀ ਤੌਰ ਤੇ ਕੰਮ ਕਰ ਰਹੀ "ਕੇਂਦਰੀ ਵਿਚਾਰਧਾਰਾ" ਬ੍ਰਾਹਮਣਵਾਦ ਦੀ ਕਰੋਪੀ ਹੀ ਰਹੀ? ਇਸ ਵਿਚਾਰਧਾਰਾ ਨੇ ਨਾ ਮਨੁੱਖ ਨੂੰ ਮਨੁੱਖ ਰਹਿਣ ਦਿੱਤਾ, ਨਾ ਮਨੁੱਖ ਨੂੰ ਸਮਾਜ ਬਣਨ ਦਿੱਤਾ, ਨਾ ਸਮਾਜ ਨੂੰ ਸਮਤਾ ਤੇ ਆਜਾਦੀ ਪ੍ਰਦਾਨ ਕਰਦਾ ਭਾਈਚਾਰਾ ਬਣਨ ਦਿੱਤਾ ਤੇ ਨਾ ਇਸ ਖੁਹਹਾਲੀ ਰਹਿਤ ਸਮਾਜ ਨੇ ਕੋਈ ਖੁਹਹਾਲ ਤੇ ਤਾਕਤਵਰ ਦੇਸ਼ ਉਭਰਨ ਦਿੱਤਾ ਜਿਸਦੀ ਦੁਨੀਆਂ ਵਿਚ ਕੋਈ ਧਾਂਕ ਬਣੇ? ਜਦੋਂ ਜਦੋਂ ਇਹ ਵਿਚਾਰਧਾਰਾ ਦੇਸ਼ ਵਿਚੋਂ ਗੈਰ ਹਾਜਰ ਰਹੀ ਜਾਂ ਕਮਜੋਰ ਰਹੀ ਤਾਂ ਉਸ ਵੇਲੇ ਹੀ ਸਮਾਜ ਖ਼ੁਸ਼ਹਾਲ ਵੀ ਰਿਹਾ ਅਤੇ ਦੇਸ਼ ਦਾ ਨਾਂ ਪੂਰੀ ਦੁਨੀਆਂ ਵਿਚ ਵੀ ਗੂੰਜਿਆ? ਇਸ ਵਿਚਾਰ ਧਾਰਾ ਤੋਂ ਅੱਜ ਭਾਵੇਂ ਬਹੁਗਿਣਤੀ ਵਾਕਫ਼ ਹੋ ਚੁੱਕੀ ਹੈ ਤੇ ਉਹ ਇਸ ਤੋਂ ਖਹਿੜਾ ਵੀ ਛੁਡਾਉਣਾ ਚਾਹੁੰਦੇ ਹਨ ਪਰ ਇਹ ਸਦੀਆਂ ਤੋਂ ਤੁਰੀ ਆਉਂਦੀ ਜੂਨ ਵਿਚ ਅਜਿਹੀ ਰੱਚ ਮਿਚ ਗਈ ਹੈ ਕਿ ਸੁੱਤੇ ਸਿੱਧ ਹੀ ਆਪਣਾ ਕੰਮ ਕਰਦੀ ਚਲੀ ਜਾਂਦੀ ਹੈ? ਤਰਾਸਦੀ ਇਹ ਕਿ ਕਿੰਨੇ ਹੀ ਪੜ੍ਹੇ ਲਿਖੇ ਦਲਿਤ ਬਹੁਜਨ ਹਨ ਜੋ ਆਖਦੇ ਹਨ ਕਿ ਉਨ੍ਹਾਂ ਨੇ ਇਸ ਗੈਰ ਬਰਾਬਰੀ, ਲੁੱਟ ਖਸੁੱਟ, ਗੈਰ-ਵਿਗਿਆਨਕ ਤੇ ਗੁਲਾਮੀ ਵਾਲੀ ਸੋਚ ਤੋਂ ਛੁਟਕਾਰਾ ਪਾ ਲਿਆ ਹੈ ਪਰੰਤੂ ਕਿਤੇ ਨਾ ਕਿਤੇ ਉਹ ਫਿਰ ਵੀ ਆਪਣੇ ਵਰਤਾਓ ਜਾਂ ਸਮਾਜਿਕ ਵਰਤਾਰੇ ਵਿਚ ਬੇ ਸਮਝੀ ਕਾਰਣ ਇਸਦੀ ਪਾਲਣਾ ਕਰ ਰਹੇ ਹੁੰਦੇ ਹਨ?

ਲੇਖਕ ਦੀਆਂ ਆਪਣੀਆਂ ਸਤਰਾਂ ਹਨ:

ਮੈ ਹੁਣ ਉਤਲਿਆਂ ਦੀ ਜੂਠ ਨਹੀਂ ਖਾਂਦਾ,
ਤਿੰਨ ਮੇਲ ਦੇ ਪਦਾਰਥਾਂ ਨੂੰ,
ਸੋਮਰਸ ਵਿਚ ਭਿਉਂ ਭਿਉਂ ਲੰਘਾਉਂਦਾ,
ਹਰੇ ਰਾਮਾ ਹਰੇ ਕ੍ਰਿਸ਼ਨਾ ਤੇ,
ਜੈ ਬਜਰੰਗ ਬਲੀ ਦੇ ਭਜਨ ਗਾਉਂਦਾ ਹਾਂ?
(ਬਘਿਆੜ-260)

ਇਹ ਹੈ ਬ੍ਰਾਹਮਣਵਾਦੀ ਸੋਚ? ਇਸ ਨੇ ਕਿਸੇ ਵੇਲੇ ਭਾਵੇਂ ਬ੍ਰਾਹਮਣ ਨੇ ਪੈਦਾ ਕੀਤਾ ਸੀ ਜਿਸ ਕਰਕੇ ਇਸਦਾ ਨਾਂ ਬ੍ਰਾਹਮਣਵਾਦ ਪੈ ਗਿਆ ਪਰ ਅੱਜ ਇਸਦੀ ਪਾਲਣਾ ਕਸ਼ੱਤਰੀ, ਵੈਸ਼ ਤੇ ਸ਼ੂਦਰ ਵੀ ਜਾਣੇ ਅਨਜਾਣੇ ਬੜੀ ਮੁਸ਼ਤੈਦੀ ਨਾਲ ਕਰ ਰਹੇ ਹਨ? ਇਹ ਉਹ ਸੋਚ ਹੈ ਜਿਸ ਵਿਚ ਕਿਸੇ ਮਨੁੱਖ ਦੀ ਉਸਦੇ ਜਨਮ ਤੋਂ ਹੀ ਜਾਤੀ ਨਿਰਧਾਰਤ ਹੋ ਜਾਂਦੀ ਹੈ ਤੇ ਫਿਰ ਇਸਸ਼ ਕਿਸੇ ਵੀ ਹਾਲਤ ਵਿਚ ਬਦਲਿਆ ਨਹੀਂ ਜਾ ਸਕਦਾ? ਇਹ ਉਹ ਗੈਰ ਵਿਗਿਆਨਕ, ਗੈਰ ਮਨੁੱਖੀ, ਤੇ ਗੈਰ ਸਮਾਜਕ ਸੋਚ ਹੈ ਜੋ ਮਨੁੱਖ ਮਨੁੱਖ ਤੋਂ ਪਾੜਕੇ ਊਚ-ਨੀਚ, ਪਵਿੱਤਰ-ਅਪਵਿੱਤਰ ਬਣਾ ਕੇ ਸਮਾਜ ਲੀਰੋਂ ਲੀਰ ਕਰ ਦਿੰਦੀ ਹੈ? ਇਹ ਉਹ ਭਾਵਨਾ ਹੈ ਜੋ ਮਨੁੱਖੀ ਏਕਤਾ, ਮਨੁੱਖੀ ਅਧਿਕਾਰ, ਮਨੁੱਖੀ ਭਾਈਚਾਰਾ, ਮਨੁੱਖੀ ਆਜ਼ਾਦੀ, ਮਨੁੱਖੀ ਬਰਾਬਰਤਾ ਦੀ ਕੱਟੜ ਦੁਸ਼ਮਣ ਬਣ ਖਲੋ ਜਾਂਦੀ ਹੈ? ਇਹ ਉਹ ਵਰਤਾਰਾ ਹੈ ਜੋ ਜਾਨਵਰਾਂ ਨੂੰ ਤਾਂ ਪਾਲਕੇ ਚੁੰਮ ਚੱਟ ਸਕਦਾ ਹੈ, ਉਨ੍ਹਾਂ ਨੂੰ ਨਾਲ ਸੰਵਾ ਸਕਦਾ ਹੈ ਪਰ ਇਕ ਮਨੁੱਖ ਦੇ ਪਰਛਾਵੇਂ ਤੋਂ ਵੀ ਤਰਾਹੁੰਦਾ ਹੈ, ਉਸਤੋਂ ਭਿੱਟਦਾ ਹੈ, ਉਸ ਨੂੰ ਘਿਰਣਾ ਕਰਦਾ ਹੈ? ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ? ਤੇ ਤਰਾਸਦੀ ਇਹ ਹੈ ਕਿ ਜੋ ਇਸਦੇ ਸ਼ਿਕਾਰ ਹਨ, ਇਸ ਤੋਂ ਦੁੱਖੀ ਹਨ, ਪੀੜਤ ਹਨ ਉਹੀ ਇਸ ਕਲੇਜੇ ਨਾਲ ਚਿਪਕਾਈ ਫਿਰ ਰਹੇ ਹਨ, ਇਸ ਤੋਂ ਦੂਰ ਨਹੀਂ ਹੋਣਾ ਚਾਹੁੰਦੇ ਤੇ ਇਸੇ ਸ਼ ਆਪਣਾ ਸਭ ਕੁਝ ਮੰਨਦਿਆਂ ਇਸੇ ਵਿਚ ਹੀ ਆਪਣੀ ਗਤੀ ਭਾਲਦੇ ਤੇ ਇਸ ਪੂਜਦੇ ਆ ਰਹੇ ਹਨ? ਉਹ ਨਹੀਂ ਜਾਣਦੇ ਉਨ੍ਹਾਂ ਦੀਆਂ ਦੁਸ਼ਵਾਰੀਆਂ, ਉਹਨਾਂ ਦੀ ਗਰੀਬੀ, ਉਹਨਾਂ ਦੀ ਲਾਚਾਰੀ ਦਾ ਮੂਲ ਕਾਰਣ ਹੀ ਇਹ ਹੈ? ਲੇਖਕ ਲਿਖਦਾ ਹੈ: "ਅਸੀਂ ਵਿਦਿਆ ਧਾਰੀ ਹੋ ਕੇ, ਕਰੋੜਪਤੀ ਹੋ ਜਾਈਏ ਵੱਡੇ ਰੁਤਬੇ ਤੇ ਚਲੇ ਜਾਈਏ ਤਦ ਵੀ ਅਸੀਂ ਇਸ ਦੇਵੀ ਦੇਵਤੇ, ਬ੍ਰਾਹਮਣ, ਪ੍ਰਭੂ, ਈਸ਼ਵਰ, ਰਾਮ, ਕ੍ਰਿਸ਼ਨ, ਗਣੇਸ਼, ਸ਼ਿਵ, ਦੁਰਗਾ, ਲੱਛਮੀ, ਕਾਲੀ ਦੀ ਕ੍ਰਿਪਾ ਹੀ ਮੰਨਦੇ ਹਾਂ ਤੇ ਉਸਦੀ ਪਾਠ ਪੂਜਾ ਤੇ ਪੁੰਨ ਦਾਨ ਨੂੰ ਹੀ ਕਰਮ ਮੰਨਦੇ ਹਾਂ ਤਾਂ ਇਸਦਾ ਇਕ ਹੀ ਅਰਥ ਹੈ ਸਦੀਵੀ ਗੁਲਾਮੀ ਚਾਕਰੀ ਤੇ ਨੀਵੇਂਪਣ ਨੂੰ ਸਵੀਕਾਰ ਕਰਨਾ ਅਤੇ ਭੋਗਣਾ?" (ਪੁਨਰ ਜਨਮ ਤੇ ਮੁਕਤੀ ਗਤੀ) ਲੇਖਕ ਨੇ ਇਹੀ ਮੂਲ ਗਲ ਸਮਝਾਉਣ ਲਈ ਇੱਡੇ ਵੱਡੇ ਗਰੰਥ "ਭਾਰਤੀ ਲੋਕ ਨੀਚ ਕਿਵੇਂ ਬਣੇ" ਦੀ ਰਚਨਾ ਕੀਤੀ ਹੈ? ਬਰੀਕ ਤੋਂ ਬਰੀਕ ਗੱਲ ਵੀ ਇਤਿਹਾਸ/ ਮਿਥਿਹਾਸ, ਗਰੰਥਾਂ, ਵੇਦਾਂ ਵਿਚੋਂ ਧੁਰ ਅੰਦਰੋਂ ਜਾਕੇ ਲੈ ਕੇ ਆਇਆ ਹੈ ਅਤੇ ਇਸ ਦੇਸ਼ ਦੇ ਮੂਲ ਨਿਵਾਸੀਆਂ ਦੇ ਰੁਬਰੂ ਕੀਤੀ ਹੈ? "ਖੌਲਦਾ ਮਹਾਂਸਾਗਰ1" ਅਤੇ ਹੁਣ "ਖੌਲਦਾ ਮਹਾਂਸਾਗਰ-2" ਵੀ ਇਸੇ ਮੂਲ ਸੱਮਸਿਆ ਦਾ ਵਿਸਥਾਰ ਹੈ, ਜੁਲਾਸਾ ਹੈ, ਤੇ ਕੁੰਜੀ ਵੀ ਹੈ? ਅੱਜ ਅਸੀਂ ਮੂਲ ਨਿਵਾਸੀ ਨੀਚ ਸਮਝੇ ਜਾਂਦੇ ਹਾਂ, ਸ਼ੂਦਰ ਸਮਝੇ ਜਾਂਦੇ ਹਾਂ ਤੇ ਸਾਨੂੰ ਗਰੀਬ, ਭੁਖੇ-ਨੰਗੇ ਰੱਖਣਾ, ਅਨਪੜ੍ਹ ਅਤੇ ਅਗਿਆਨੀ ਰੱਖਣਾ ਇਸੇ ਮੂਲ-ਭਾਵਨਾ ਦੀ ਇਕ ਸਾਜ ਹੈ ਜਿਸ ਦੀਆਂ ਜੜ੍ਹਾਂ ਨੰਗੀਆਂ ਕਰਨਾ, ਤੇ ਹਰ ਦੁਖਿਆਰੇ ਦੀ, ਇਸ ਤੋਂ ਨਪੀੜੇ ਦੀ ਨੂਰ ਕਰਨਾ ਪ੍ਰੋ: ਗੁਰਨਾਮ ਸਿੰਘ ਨੇ ਆਪਣਾ ਟੀਚਾ ਮਿੱਥ ਲਿਆ ਹੈ? "ਭਾਰਤੀ ਲੋਕ ਨੀਚ ਕਿਵੇਂ ਬਣੇ" ਵਿਚ ਉਹ ਉਹਨਾਂ ਪੁਰਾਤਨ ਗਰੰਥਾਂ ਦੀਆਂ ਉਹਨਾਂ ਪੰਕਤੀਆਂ ਦਾ ਜਿਕਰ ਕਰਦਾ ਹੈ ਜੋ ਅੱਜ ਵੀ ਸਮਾਜ ਦੀ ਅਧੋਗਤੀ ਲਈ ਜਿੰਮੇਵਾਰ ਹਨ? ਉਹਨਾਂ ਗਰੰਥਾਂ ਦੀ ਪੈਦਾ ਕੀਤੀ ਵਿਚਾਰਧਾਰਾ ਅੱਜ ਕਿਵੇਂ ਰੰਗ ਵਿਖਾ ਰਹੀ ਹੈ, ਕਿਵੇਂ ਸਮਾਜਕ ਬਰਾਬਰੀ ਵਿਚ ਆੜੇ ਆ ਰਹੀ ਹੈ, ਕਿਵੇਂ ਦੇਸ਼ ਨੂੰ ਪਿਛਾਂਹ ਲਿਜਾ ਰਹੀ ਹੈ, ਇਹ ਇਕ ਇਕ ਕਰਕੇ ਇਸ ਪੁਸਤਕ "ਖੌਲਦਾ ਮਹਾਂਸਾਗਰ-2" ਵਿਚ ਲੇਖਕ ਨੇ ਖੋਲ੍ਹਕੇ ਵਰਨਣ ਕੀਤਾ ਹੈ? ਧਰਮ ਅਤੇ ਆਚਰਣ, ਪੁਨਰ ਜਨਮ ਤੇ ਮੁਕਤੀ ਗਤੀ, ਜਾਤੀ ਮੰਨਣਾ ਨਾ ਮੰਨਣਾ ਬਨਾਮ ਧਰਮ ਅਤੇ ਅਧਰਮ, ਸਹਿਮਤੀ-ਅਸਹਿਮਤੀ ਬਨਾਮ ਹਿੰਸਾ, ਜਾਤੀ ਕਰੇਗੀ ਸੰਸਾਰ ਨੂੰ ਬਰਬਾਦ, ਟੁਕੜੇ ਟੁਕੜੇ ਭਾਰਤ, ਮਨੁੱਖਾ ਜੀਵਨ ਤੇ ਸਿਆਣਪਾਂ ਦਾ ਧਰਮ, ਮਨੁੱਖ ਮਨ ਤੇ ਕਰਮ ਫਲ, ਜਾਤੀ ਤੋੜਕ ਸ਼ਾਦੀਆਂ, ਆਸਥਾ ਪਾਠ ਪੂਜਾ ਭਾਗ ਤਕਦੀਰ, ਪੂਰਵਗਿਆਨ ਦੇ ਸਬਕ, ਆਦਿ ਚੈਪਟਰ ਅਜਿਹੇ ਹਨ ਜਿਨ੍ਹਾਂ ਵਿਚ ਵਰਨਣ ਹੈ ਕਿ ਅਸੀਂ ਪੌਰਾਣਿਕ ਗਰੰਥਾਂ ਦੀਆਂ ਗਲਤ ਕਿਸਮ ਦੀਆਂ ਸਿਖਿਆਵਾਂ ਆਪਣੇ ਭੇਜੇ ਵਿਚ ਵਸਾਉਂਦੇ ਹਾਂ ਅਤੇ ਫਿਰ ਇਨ੍ਹਾਂ ਸ਼ ਸਾਹਮਣੇ ਰੱਖਕੇ ਅਸੀਂ ਅਜੋਕੇ ਯੁਗ ਵਿਚ ਵਿਚਰਦੇ ਹਾਂ, ਐਕਸ਼ਨ ਕਰਦੇ ਹਾਂ ਅਤੇ ਫਿਰ ਉਨ੍ਹਾਂ ਦਾ ਚੰਗਾ ਮਾੜਾ ਫਲ ਭੁਗਤਦੇ ਹਾਂ? ਬਸ ਇੰਨੀ ਕੁ ਹੈ ਸਾਡੀ ਕਹਾਣੀ ਇਸ ਤੋਂ ਅੱਗੇ ਸੋਚਦੇ ਹੀ ਨਹੀਂ, ਤੁਰਦੇ ਹੀ ਨਹੀਂ? ਸਾਰੇ ਚੈਪਟਰ ਇਸੇ ਤਰ੍ਹਾਂ ਦੀਆਂ ਵੰਨਗੀਆਂ ਪੇਸ਼ ਕਰਦੇ ਹਨ? ਹਰ ਇਕ ਚੈਪਟਰ ਇਕ ਅਜੋਕੀ ਸਮੱਸਿਆ ਦਾ ਵਰਨਣ ਹੈ ਅਤੇ ਉਸਦੇ ਪਿਛੋਕੜ ਦੀਆਂ ਅਸਲ ਜੜ੍ਹਾਂ ਦੀ ਕਹਾਣੀ ਦਾ ਵਿਸਥਾਰ ਹੈ? ਇੰਜ ਕਰਦਿਆਂ ਲੇਖਕ ਕਿਸੇ ਸਮੱਸਿਆ ਦੀ ਆਮ ਗਲ ਨਹੀਂ ਕਰਦਾ ਸਗੋਂ ਹਟਕੇ ਇਕ ਅਸਲੋਂ ਨਵੀਂ ਤੇ ਉਸਦੇ ਸਹੀ ਰੂਪ ਵਿਚ ਗੱਲ ਕਰਦਾ ਹੈ? ਉਸ ਨੂੰ ਮੰਨਣਯੋਗ ਬਣਾਉਣ ਲਈ ਕਿੰਨੀਆਂ ਹੀ ਇਤਿਹਾਸਕ ਸਚਾਈਆਂ ਦਾ ਵਰਨਣ ਉਹ ਕਰ ਜਾਂਦਾ ਹੈ ਜਿਸ ਕਰਕੇ ਉਸ ਸਮੱਸਿਆ ਸ਼ ਅਸਲ ਰੂਪ ਵਿਚ ਮੰਨਣਾ ਹੀ ਪੈਂਦਾ ਹੈ ਤੇ ਫਿਰ ਮੰਨਣ ਨਾਲ ਉਸਦਾ ਹੱਲ ਵੀ ਸਾਹਮਣੇ ਬੜਾ ਸਪਸ਼ਟ ਦਿਸਣ ਲਗ ਪੈਂਦਾ ਹੈ?

ਅਜਿਹਾ ਕਿਉਂ ਹੈ? ਅਸਲ ਵਿਚ ਇਹ ਸਾਰਾ ਕਸੂਰ ਬ੍ਰਾਹਮਣਵਾਦੀ ਵਿਵਸਥਾ ਵਲੋਂ ਸਦੀਆਂ ਪਹਿਲਾਂ ਪੈਦਾ ਕੀਤੀ ਜਾਤਪਾਤ, ਊਚ-ਨੀਚ ਦਾ ਹੈ? ਜਿਸਨੇ ਸਾਡੇ ਸਮਾਜ ਦੇ ਵੱਡੇ ਹਿੱਸੇ ਨੂੰ ਦਿਮਾਗੀ ਪਖੋਂ ਅਜਿਹਾ ਆਪੰਗ ਬਣਾ ਧਰਿਆ ਕਿ ਉਹ ਅਸਲੋਂ ਹੀ ਸੋਚਣ ਤੋਂ ਅਸਮਰਥ ਹੋ ਗਿਆ? ਇਸ ਵਿਵਸਥਾ ਨੇ "ਮਨੁੱਖ" ਸ਼ ਮੁਢਲੀਆਂ ਲੋੜਾਂ ਕੁੱਲੀ, ਗੁੱਲੀ ਜੁੱਲੀ ਤੋਂ ਤਾਂ ਮਹਿਰੂਮ ਕੀਤਾ ਹੀ ਕੀਤਾ ਨਾਲ ਹੀ ਉਸਦਾ ਦਿਮਾਗ ਵੀ ਖੋਹ ਲਿਆ ਜੋ ਸਭ ਤੋਂ ਗੰਭੀਰ ਗੱਲ ਸੀ? ਜਦ ਮਨੁੱਖ ਦੀ ਆਪਣੀ ਸੋਚ ਹੀ ਨਾ ਰਹੀ ਤਾਂ ਉਹ ਤਾਂ ਉਹੀ ਸੋਚੇਗਾ ਤੇ ਉਹੀ ਕਰੇਗਾ ਜੋ ਉਸਦਾ ਮਾਲਕ ਉਸਤੋਂ ਸੋਚਵਾਵੇਗਾ ਤੇ ਕਰਵਾਵੇਗਾ? ਉਸਦਾ ਮਾਲਕ ਇਹ ਕਾਰਵਾਈ ਇਸ ਢੰਗ ਨਾਲ ਕਰਦਾ ਸੀ ਜਿਸ ਵਿਚ ਭਲਾ ਹੀ ਭਲਾ ਮਾਲਕ ਦਾ ਹੁੰਦਾ ਸੀ ਤੇ ਨੁਕਸਾਨ ਹੀ ਨੁਕਸਾਨ ਇਸ ਗੁਲਾਮ ਦਾ? ਇਸ ਗੁਲਾਮ ਵੀ ਨਹੀਂ ਆਖਿਆ ਜਾ ਸਕਦਾ ਕਿਉਂਕਿ ਗੁਲਾਮ ਭਾਵੇਂ ਲੱਖ ਬੇੜੀਆਂ ਨਾਲ ਜਕੜਿਆ ਹੁੰਦਾ ਸੀ ਪਰ ਉਸਦਾ ਮਾਲਕ ਉਸ ਨੂੰ ਫਿਰ ਵੀ ਛੂਹ ਸਕਦਾ ਸੀ ਤੇ ਉਸ ਨੂੰ ਕੁਝ ਨਾ ਕੁਝ ਖਾਣ ਪੀਣ ਵੀ ਦਿੱਤਾ ਜਾਂਦਾ ਸੀ? ਪਰ ਇਸ "ਭਾਰਤੀ ਗ਼ੁਲਾਮ" ਨੂੰ ਛੂਹਣਾ ਤਾਂ ਕੀ ਉਸਦੇ ਪਰਛਾਵੇਂ ਜਾਂ ਧਰਤੀ ਤੇ ਪਈ ਪੈੜ ਤੋਂ ਵੀ ਉਸਦੇ ਮਾਲਕ ਨੂੰ ਭਿੱਟ ਚੜ੍ਹ ਜਾਂਦੀ ਸੀ? ਇਸ ਭਾਰਤੀ "ਗੁਲਾਮ" ਜਾਨਵਰ ਦੀ ਸੰਗਿਆ ਵੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਜਾਨਵਰ ਤਾਂ ਪਾਲਿਆ ਪਲੋਸਿਆ ਜਾ ਸਕਦਾ ਹੈ ਚੁੰਮਿਆ ਜਾਂਦਾ ਹੈ, ਪਿਆਰ ਕੀਤਾ ਜਾਂਦਾ ਹੈ, ਵਧੀਆ ਖਾਣ ਨੂੰ ਦਿੱਤਾ ਜਾਂਦਾ ਹੈ, ਉਸਦਾ ਦੁੱਧ ਵੀ ਪੀਤਾ ਜਾਂਦਾ ਹੈ? ਪਰ ਇਸ "ਭਾਰਤੀ ਗੁਲਾਮ" ਨੂੰ ਸਮਝ ਨਹੀਂ ਲਗਦੀ ਕਿ ਕੀ ਸਮਝਿਆ ਜਾਂਦਾ ਸੀ? ਤੇ ਅੱਜ ਵੀ ਉਹੀ ਸਮਝਿਆ ਜਾਂਦਾ ਹੈ?



- ਫਤਿਹਜੰਗ ਸਿੰਘ
9872670278

ਇਸ ਤਰ੍ਹਾਂ ਦੀ ਇਸ ਭੈੜੀ ਵਿਵਸਥਾ ਦਾ ਜਨਮ ਲਗਭਗ 1500 ਬੀ.ਸੀ.ਪਹਿਲਾਂ ਆਰੀਅਨ ਦੇ ਆਗਮਨ ਨਾਲ ਹੋਇਆ ਜਦੋਂ ਉਹਨਾਂ ਨੇ ਮੱਧ ਏਸ਼ੀਆ ਤੋਂ ਆ ਕੇ ਭਾਰਤ ਦੇ ਖ਼ੁਸ਼ੀ ਖ਼ੁਸ਼ੀ ਬਸਰ ਕਰ ਰਹੇ ਮੂਲ ਨਿਵਾਸੀਆਂ ਦੇ ਸ਼ਾਂਤ ਪਾਣੀਆਂ ਵਿਚ ਹਲਚਲ ਪੈਦਾ ਕਰ ਦਿੱਤੀ? ਆਪਣੀ ਹਕੂਮਤ ਕਾਇਮ ਕਰਨ ਦੇ ਮਨੋਰਥ ਨਾਲ ਇਥੋਂ ਦੇ ਮੂਲ ਨਿਵਾਸੀਆਂ ਗੁਲਾਮ ਬਣਾਉਣ ਲਈ ਉਹਨਾਂ ਤੋਂ ਸਾਰੇ ਕੰਮ ਅਤੇ ਸੇਵਾ ਕਰਵਾਉਣ ਲਈ ਤੇ ਮਿਹਨਤ ਮੁਸੱਕਤ ਰਾਹੀਂ ਉਨ੍ਹਾਂ ਤੋਂ ਆਪਣੇ ਲਈ ਪੈਦਾਵਾਰ ਤੇ ਸੁਰਖਿਆ ਨਿਸ਼ਚਿਤ ਕਰਨ ਲਈ ਆਰੀਅਨ ਵਲੋਂ ਚਾਰ ਵਰਣ ਬਣਾਏ ਗਏ? ਇਹ ਸੰਸਾਰ ਵਿਚ ਸਭ ਤੋਂ ਵੱਡੀ ਘਿਰਣਾਜਨਕ ਤੇ ਗੈਰ-ਮਨੁੱਖੀ ਵੰਡ ਹੈ ਜੋ ਆਰੀਅਨ ਵਲੋਂ ਸਥਾਪਤ ਕੀਤੀ ਗਈ? ਇਥੋਂ ਦੇ ਮੂਲ ਨਿਵਾਸੀਆਂ ਤੋਂ ਸਾਰੇ ਸਖ਼ਤ ਮਿਹਨਤ ਮੰਗਦੇ, ਗੰਦੇ, ਘਿਰਣਾਜਨਕ ਕੰਮ ਫਿਰ੍ਹਇਹਨਾਂ ਦੇ ਜਿੰਮੇ ਲਾ ਦਿੱਤੇ ਅਤੇ ਐਸ਼ੋ ਇਸ਼ਰਤ ਤੇ ਵਿਹਲੜ ਰਹਿ ਕੇ ਸਾਰੇ ਅਧਿਕਾਰ ਆਪ ਮਾਨਣ ਲਈ ਆਪਣੇ ਹਿੱਸੇ ਵਿਚ ਸਮੇਟ ਲਏ? ਸ਼ੂਦਰ ਨੂੰ ਅਪੰਗ, ਬੇ-ਸਮਝ, ਲੱਲ੍ਹੜ, ਪਿਛਲੱਗ, ਤੇ ਮੂਰਖ, ਗੰਵਾਰ ਬਣਾਉਣ ਲਈ ਉਸ ਸ਼ ਵਿਦਿਆ ਤੋਂ ਵਾਂਝਿਆਂ ਕਰ ਦਿੱਤਾ, ਹਥਿਆਰ ਰੱਖਣ ਤੋਂ ਵਾਂਝਿਆ ਕਰ ਦਿੱਤਾ, ਜਾਇਦਾਦ ਬਣਾਉਣ ਤੋਂ ਮਨ੍ਹਾਂ ਕਰ ਦਿੱਤਾ?

ਖਾਣ ਪੀਣ ਉੱਚ ਜਾਤੀਆਂ ਦੀ ਜੂਠ ਤੇ ਪਹਿਨਣ ਲਈ ਉਤਰਨ ਦੀ ਹੀ ਆਗਿਆ ਸੀ? ਇਹਨਾਂ ਹਾਲਤਾਂ ਵਿਚ ਕਿਹੋ ਜਿਹਾ "ਮਨੁੱਖ" ਹੋਂਦ ਵਿਚ ਆ ਸਕਦਾ ਸੀ ਸੋਚਿਆ ਜਾ ਸਕਦਾ ਹੈ? ਆਰੀਅਨ ਦੇ ਬਾਹਰੋਂ ਆਉਣ ਦੇ ਸਿਧਾਂਤ ਇਤਿਹਾਸਕਾਰ, ਖੋਜੀ, ਵਿਦਵਾਨ ਸਭ ਮੰਨਦੇ ਹਨ? ਪੰਡਤ ਨਹਿਰੂ ਨੇ ਵੀ "ਡਿਸਕਵਰੀ ਆਫ ਇੰਡੀਆ" ਵਿਚ ਮੰਨਿਆ ਕਿ ਆਰੀਅਨ ਬਾਹਰੋਂ ਆਏ ਸਨ? ਡਾ. ਅੰਬੇਦਕਰ ਦੀ ਖੋਜ "ਭਾਰਤ ਵਿਚ ਜਾਤਾਂ ਅਤੇ "ਸ਼ੂਦਰ ਕੌਣ ਸਨ" ਵੀ ਇਸ ਸਿਧਾਂਤ ਨੂੰ ਮੰਨਦੀ ਹੈ? ਪਰ ਹੁਣੇ ਪਿੱਛੇ ਜਿਹੇ 2013 ਵਿਚ ਚੰਡੀਗੜ੍ਹ ਵਿਖੇ ਭਾਰਤ ਸਰਕਾਰ ਦੇ ਪੁਰਾਤਤਵ ਵਿਭਾਗ ਵਲੋਂ ਕਰਵਾਏ ਗਏ ਇਕ ਸੈਮੀਨਾਰ ਵਿਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਕਿ ਆਰੀਅਨ ਬਦੇਸ਼ੀ ਨਹੀਂ ਸਗੋਂ ਇਸ ਦੇਸ਼ ਦੇ ਹੀ ਮੂਲ ਨਿਵਾਸੀ ਸਨ? ਬ੍ਰਾਹਮਣਵਾਦ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਹਰ ਇਕ ਵਾਦ, ਵਿਚਾਰ, ਧਰਮ, ਸਿਧਾਂਤ ਵਿਚ ਵਿਵਾਦ ਪੈਦਾ ਕਰਦਾ ਹੈ ਤੇ ਰੌਲਾ- ਘਚੌਲਾ ਪਾ ਕੇ ਅਸਪਸ਼ਟਤਾ ਪੈਦਾ ਕਰਦਾ ਹੈ ਤਾਂ ਜੋ ਲੋਕੀਂ ਇਸੇ ਜਾਲ ਵਿਚ ਉਲਝੇ ਰਹਿਣਾ ਕਿ ਕੀ ਠੀਕ ਹੈ ਤੇ ਕੀ ਗਲਤ ਹੈ?

ਪ੍ਰੋ: ਗੁਰਨਾਮ ਸਿੰਘ ਨੇ ਹੱਥਲੀ ਪੁਸਤਕ ਵਿਚ ਇਸ ਸਿਧਾਂਤ ਦਾ ਬਾਰ-ਬਾਰ ਵਰਨਣ ਕੀਤਾ ਹੈ?

ਉਹ ਆਰੀਆ ਨੂੰ ਬਦੇਸ਼ੀ ਬ੍ਰਾਹਮਣ ਗਰਦਾਨਦਾ ਲਿਖਦਾ ਹੈ, Šਆਰੀਆ ਸ਼ਬਦ ਮੂਲ ਰੂਪ ਵਿਚ ਰਿਗਵੇਦ ਵਿਚ ਵਰਨਣ ਹੋਇਆ ਜੋ ਬਦੇਸ਼ੀ ਦੇਵ ਪੁਰਸ਼ਾਂ ਲਈ ਵਰਤਿਆ ਗਿਆ? ਜਿਨ੍ਹਾਂ ਦੇ ਸਾਹਮਣੇ ਸਨ ਸਿੰਧੂ ਭਾਰਤ ਤੇ ਮੂਲਵਾਸੀ ਅਸੁਰ? ਆਰੀਆ ਤੇ ਬ੍ਰਾਹਮਣ ਆਦਿ ਸ਼ਬਦਾਂ ਨਾਲ ਸੰਬੋਧਨ ਕੀਤਾ ਗਿਆ? ਜਿਨ੍ਹਾਂ ਨੂੰ ਬ੍ਰਾਹਮਣ ਦੇ ਸਿਰ ਤੋਂ ਪੈਦਾ ਹੋਇਆ ਦਿਖਾਇਆ ਗਿਆ, ਦੂਜੇ ਪਾਸੇ ਅਸੁਰਾਂ, ਦਾਸਾਂ, ਦਸਿਊਆਂ ਅਤੇ ਸ਼ੂਦਰਾਂ (ਸੇਵਕਾਂ) ਨੂੰ ਬ੍ਰਹਮਾਂ ਦੇ ਪੈਰਾਂ ਚੋਂ? ਜਿਥੇ ਇਹ ਆਰੀਆ ਦੇ ਉੱਚੇ ਤੇ ਮਾਲਕ ਹੋਣ ਦਾ ਇਤਿਹਾਸ ਹੈ ਉਥੇ ਦੂਜੀ ਤਰਫ਼ੋਂ ਨੀਵੇਂ ਅਤੇ ਗੁਲਾਮ ਸੇਵਕ ਹੋਣ ਦਾ ਪ੍ਰਮਾਣਕ ਇਤਿਹਾਸ ਵੀ ਹੈ? ਇਸੇ ਵਿਵਸਥਾ ਸ਼ ਸਦਾ ਲਈ ਸਥਿਰ ਰੱਖਣ ਦਾ ਹੀ ਇਤਿਹਾਸ ਹੈ ਇਹ?" (ਆਰੀਆ ਅਤੇ ਬੁੱਧ ਭਿਕਸ਼ੂ ਸੰਘ) ਗੁਰਨਾਮ ਸਿੰਘ ਸਗੋਂ ਪ੍ਰਮਾਣ ਵਜੋਂ ਦੋ ਕਦਮ ਹੋਰ ਅੱਗੇ ਜਾ ਕੇ ਆਖਦਾ ਹੈ ਕਿ ਡੀ. ਐਨ.ਏ. ਰਾਹੀਂ ਇਹ ਸਾਬਤ ਹੋ ਚੁਕਾ ਹੈ ਕਿ ਬ੍ਰਾਹਮਣ ਵਿਦੇਸ਼ੀ ਹਨ? ਰਿਗਵੇਦ ਇਸਦਾ ਸਭ ਤੋਂ ਵੱਡਾ ਪ੍ਰਮਾਣ ਹੈ? 90% ਕਸ਼ੱਤਰੀ, ਵੈਸ਼ ਅਤੇ 100ਗ ਭਾਰਤੀ ਔਰਤਾਂ, ਸਮੇਤ ਬ੍ਰਾਹਮਣ, ਕਸ਼ੱਤਰੀ ਤੇ ਵੈਸ਼ ਸਭ ਮੂਲਵਾਸੀ ਹਨ?" (ਬਦਰੀ ਨਾਥ- ਕੇਦਾਰ ਨਾਥ-ਹੇਮਕੁੰਟ ਅਤੇ ਦੈਵੀ ਕਰੋਪੀ)? ਪਰ ਜਿਵੇਂ ਕਿ ਪਹਿਲਾਂ ਵੀ ਜਿਕਰ ਕੀਤਾ ਹੈ ਕਿ ਬ੍ਰਾਹਮਣ ਇਹ ਵਾਸਤਵਿਕ ਅਵਸਥਾ ਮੰਨਣ ਲਈ ਹੀ ਤਿਆਰ ਨਹੀਂ? ਲੇਖਕ ਨੇ ਇਸ ਸਬੰਧੀ ਇਸੇ ਚੈਪਟਰ ਵਿਚ ਸੰਘ ਮੁਖੀ ਸਦਾ ਸ਼ਿਵਰਾਓ ਗਵਾਲਕਰ ਲਿਖਤ ਪੁਸਤਕ "ਹਿੰਦੂ ਰਾਸ਼ਟਰ ਕਿਉ" ਦਾ ਹਵਾਲਾ ਇੰਜ ਦਿੱਤਾ ਹੈ, ਕੀ ਹਿੰਦੂ ਹੀ ਇਸ ਦੇਸ਼ ਦੇ ਅਸਲੀ ਵਸਨੀਕ ਹਨ? ਜਿਹੜੇ ਹਿੰਦੂ ਨਹੀਂ ਹਨ ਉਹਨਾਂ ਨੂੰ ਹਿੰਦੂਆਂ ਦੇ ਬਰਾਬਰ ਅਧਿਕਾਰ ਨਹੀਂ ਦਿੱਤੇ ਜਾ ਸਕਦੇ? ਇਸ ਦੇਸ਼ ਵਿਚ ਕੇਵਲ ਹਿੰਦੂਆਂ ਨੂੰ ਹੀ ਰਹਿਣਾ ਚਾਹੀਦਾ ਹੈ?

(ਬਾਕੀ ਅਗਲੇ ਅੰਕ ਵਿਚ)

ਜੈ ਜੈ ਵਾਲਮੀਕੀ

ਹਰ ਹਰ ਵਾਲਮੀਕੀ



ਭਗਵਾਨ ਵਾਲਮੀਕ ਜੀ

# Baba Jivan Singh Naujawan Sabha California USA (Regd.)

****

# Maharishi Valmik Sabha USA



ਭਾਈ ਜੈਤਾ ਜੀ

ਆਪ ਜੀ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦਾ ਸ਼ਹੀਦੀ ਦਿਹਾੜਾ **Bhagwan Valmik Temple 84/86 Percy Avenue, Yuba City, CA 95991** ਵਿਖੇ 14 ਦਸੰਬਰ ਦਿਨ ਐਤਵਾਰ 2014 ਨੂੰ ਮਨਾਇਆ ਜਾ ਰਿਹਾ ਹੈ। ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਆਪਣੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

**Path Shri Jogh Vishist Ji**

14 December 2014 Sunday at 10 AM

Shabad Kirtan At 11 AM

Guru Ka Langar at 1 PM

**Singers:**

Sukhdev Sahil , Sultan Akhtar,

Bhupinder Bhinda, Amarjit Singh Lali

**Rghi Jatha:**

Bhai Jaswinder Singh Ji & Bhai Amarjit Singh

## ਪ੍ਰਬੰਧਕ ਕਮੇਟੀ

ਚੇਅਰਮੈਨ- ਬਲਬੀਰ ਧਾਰੀਵਾਲ (916) 243-9017

ਵਾਈਸ ਚੇਅਰਮੈਨ- ਰਵੀ ਪਾਲ ਸਿੰਘ (916) 873-0310

ਪ੍ਰਧਾਨ ਦਵਿੰਦਰ ਸਿੰਘ (510-302-5255)

ਉਪ ਪ੍ਰਧਾਨ- ਹਰਜੀ ਸਿੰਘ

ਸੈਕਟਰੀ- ਅਮਰਜੀਤ (916-842-8432

ਉਪ ਸੈਕਟਰੀ- ਸ਼ਿਵਤਾਰ ਸਿੱਧੂ

ਕੈਸ਼ੀਅਰ- ਅਜਮੇਰ ਘਾਰੂ

ਉਪ ਕੈਸ਼ੀਅਰ- ਭੁਪਿੰਦਰ ਸਿੰਘ (916) 613-3311

ਦੀਪ ਸਿੰਘ (925) 339-0802

ਬੇਨਤੀ ਕਰਤਾ



## ਬਾਬਾ ਜੀਵਨ ਸਿੰਘ ਨੌਜਵਾਨ ਸਭਾ, ਯੂ. ਐਸ. ਏ.

## ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ.

# (916) 873-0310

# (916) 842-8432

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ, ਸੈਕਰਾਮੈਂਟੋ ਵਲੋਂ ਕਾਮਾਗਾਟਾ ਮਾਰੂ ਸ਼ਤਾਬਦੀ ਨੂੰ ਸਮਰਪਿਤ ਸਮਾਗਮ



100 ਵਰ੍ਹੇ ਪਹਿਲਾਂ ਕੈਨੇਡਾ ਤੋਂ ਕਾਮਾਗਾਟਾ ਮਾਰੂ ਜਹਾਜ਼ ਨੂੰ ਨਸਲੀ ਭਿੰਨ-ਭੇਦ, ਸਮਾਜਿਕ-ਆਰਥਿਕ ਵਿਤਕਰੇ ਤਹਿਤ ਵਾਪਿਸ ਮੋੜਨ ਦੀ ਲੂੰ-ਕੰਡੇ ਖੜ੍ਹੇ ਕਰ ਦੇਣ ਵਾਲੀ ਘਟਨਾ, ਬਜਬਜ ਘਾਟ ਕਲਕੱਤਾ ਦਾ ਸਾਕਾ ਹਰ ਸੰਵੇਦਨਸ਼ੀਲ ਵਿਅਕਤੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੰਦਾ ਹੈ। ਕਾਮਾਗਾਟਾ ਮਾਰੂ ਜਹਾਜ਼ ਨੂੰ ਗੈਰ-ਜਮਹੂਰੀ ਅਤੇ ਧੱਕੜ ਕਾਰਵਾਈ ਕਰਦਿਆਂ ਵੈਨਕੂਵਰ ਦੇ ਪਾਣੀਆਂ 'ਚੋਂ ਵਾਪਿਸ ਮੋੜਿਆ ਗਿਆ ਸੀ। ਅੱਜ ਵੀ ਦੁਨੀਆਂ ਭਰ ਵਿਚ ਕਈ ਜਹਾਜ਼ ਕਾਮਾਗਾਟਾ ਮਾਰੂ ਦੀ ਹੋਣੀ ਭੁਗਤ ਰਹੇ ਹਨ।

## ਪ੍ਰੋਗਰੈਸਿਵ ਆਰਟਸ ਐਸੋਸੀਏਸ਼ਨ ਆਫ ਅਲਬਰਟਾ ਵਲੋਂ ਕਾਮਾਗਾਟਾ ਮਾਰੂ ਮੁਸਾਫਰਾਂ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਨਾਟਕ

# "ਕਾਮਾਗਾਟਾ ਮਾਰੂ ਸਫਰ ਜਾਰੀ ਹੈ"

ਲੇਖਕ ਤੇ ਨਿਰਦੇਸ਼ਕ- ਦਵਿੰਦਰ ਦਮਨ

## 6 ਦਸੰਬਰ 2014, ਸਨਿਚਰਵਾਰ *(ਸਵੇਰੇ 11 ਤੋਂ ਸ਼ਾਮ 6 ਵਜੇ ਤੱਕ)*

**ਸਥਾਨ: Cosumnes Oaks High School Performing Art Center 8350 Lotz Parkway, Elk Grove, CA**

ਸਮਾਗਮ ਦੇ ਬੁਲਾਰੇ
ਡਾ. ਗੁਰਮੇਲ ਸਿੰਘ ਕੈਲੀਫੋਰਨੀਆ ਯੂਨੀਵਰਸਿਟੀ (ਫਰਿਜ਼ਨੋ)
ਚਰਨ ਸਿੰਘ ਜੱਜ ਸੈਕਰਾਮੈਂਟੋ, ਕੁਲਵੰਤ ਸਿੰਘ ਢੇਸੀ।

ਗਾਇਕ ਕਲਾਕਾਰ: ਪੰਮੀ ਮਾਨ, ਅਨੂਪ ਚੀਮਾ, ਤਰਲੋਕ ਸਿੰਘ, ਅਮਰਜੀਤ ਸਿੰਘ ਦੁਲਈ, ਸੰਨੀ ਬੱਬਰ; ਸੰਗੀਤ: ਬੱਗਾ ਮਿਊਜ਼ੀਕਲ ਗਰੁਪ, ਸਟੇਜ: ਆਸ਼ਾ ਸ਼ਰਮਾ; ਰਛਪਾਲ ਸਿੰਘ ਫਰਵਾਲਾ

ਲੰਗਰ ਸੇਵਾ: ਜਿੰਮੀ ਰੈਸਟੋਰੈਂਟ, ਯੂਬਾ ਸਿਟੀ (ਕੈਲੇਫੋਰਨੀਆ)

ਦਾਖਲਾ, ਪਾਰਕਿੰਗ ਅਤੇ ਭੋਜਨ ਮੁਫਤ

ਫਰੂਟ ਦੀ ਸੇਵਾ: ਅਟਵਾਲ ਬ੍ਰਦਰਜ਼, ਮਰਸਡ

ਫੋਟੋਗ੍ਰਫੀ; ਜ਼ਮੁਨ ਲਾਈਟ ਸਟੂਡੀਓਜ਼

ਸਪਾਂਸਰ: ਡਾ. ਸਤਨਾਮ ਸਿੰਘ ਉਪਲ-ਮਰਸਡ, ਸਰਬਜੀਤ ਸਿੰਘ ਅਟਵਾਲ, ਰਣਬੀਰ ਸਿੰਘ ਮਡੇਰਾ, ਰਵਿੰਦਰ ਸਿੰਘ ਜੌਹਲ, ਮੁਲਖ ਰਾਜ ਸ਼ਰਮਾ, ਸੰਨੀ ਸਮਰਾ-ਯੂਬਾ ਸਿਟੀ, ਲੀਜੈਂਟ ਟਰੱਕਿੰਗ, ਟਹਿਲ ਸਿੰਘ ਥਾਂਦੀ, ਟ੍ਰਾਈਆ ਟਰੱਕਿੰਗ, ਰਛਪਾਲ ਸਿੰਘ ਫਰਵਾਲਾ-ਪੀ ਸੀ ਐਸ, ਗੁਰਮੰਤ ਸਿੰਘ ਗਰੇਵਾਲ, ਮਹਿੰਦਰ ਸਿੰਘ ਬਾਸੀ, ਸੁਦਾਗਰ ਸਿੰਘ ਕੰਦੋਲਾ, ਕੰਦੋਲਾ ਬ੍ਰਦਰਜ਼-ਲਿਵਿੰਗਸਟਨ, ਗੁਰਨੇਕ ਸਿੰਘ ਬਾਗੜੀ-ਫਰਿਜ਼ਨੋ, ਹਰਮਨਦੀਪ ਸਿੰਘ ਸ਼ੇਰਗਿੱਲ-ਯੂਬਾ ਸਿਟੀ, ਗੋਲਡ ਸਟੇਟ ਟਰਾਂਸਪੋਰਟ, ਅਵਤਾਰ ਸਿੰਘ ਅਟਵਾਲ, ਪ੍ਰੋ. ਮੱਖਣ ਸਿੰਘ ਸੰਧੂ, ਨਰਿੰਦਰਪਾਲ ਸਿੰਘ ਹੁੰਦਲ, ਵਿਰਸਾ ਸੰਭਾਲ ਸੁਸਾਇਟੀ, ਪਰਮਜੀਤ ਸਿੰਘ ਜੌਹਲ।

### ਕਮੇਟੀ

ਪ੍ਰਧਾਨ: ਸੁਰਜੀਤ ਸਿੰਘ ਅਟਵਾਲ
ਮੀਤ ਪ੍ਰਧਾਨ: ਸਤਬੀਰ ਸਿੰਘ ਬਾਜਵਾ
ਮੀਤ ਪ੍ਰਧਾਨ: ਜਰਨੈਲ ਸਿੰਘ ਮੰਡੇਰ

ਚੇਅਰਮੈਨ: ਕੁਲਦੀਪ ਸਿੰਘ ਅਟਵਾਲ
ਮੀਤ ਚੇਅਰਮੈਨ: ਯਾਦਵਿੰਦਰ ਸਿੰਘ ਹੈਪੀ
ਸਕੱਤਰ: ਜਗਜੀਤ ਸਿੰਘ ਕੰਦੋਲਾ
ਸਹਾਇਕ ਸਕੱਤਰ: ਰਵਿੰਦਰ ਰਵੀ
ਖਜ਼ਾਨਚੀ: ਹਰਪਾਲ ਸਿੰਘ, ਸਤਿੰਦਰਪਾਲ ਸਿੰਘ ਸਰਹੱਦੀ

ਡਾਇਰੈਕਟਰ:
ਜਥੇਦਾਰ ਬਲਬੀਰ ਸਿੰਘ ਗਿੱਲ
ਜਨਕ ਰਾਜ ਸਿਧਰਾ
ਬਲਦੇਵ ਸਿੰਘ ਬੋਲੀਨਾ
*(ਲੈਂਡ ਸਕੇਪਿੰਗ ਕੰਕਰੀਟ ਸਰਵਿਸ)*